# प्रश्न बैंक

# QUESTION BANK

## कक्षा–12

## विषय – पंजाबी साहित्य

# ਮਾਡਲ ਪ੍ਰਸ਼ਨ-ਪੱਤਰ

## ਉ. ਮਾ. ਪਰੀਖਿਆ 2020-21

## ਵਿਸ਼ਾ - ਪੰਜਾਬੀ ਸਾਹਿਤ

ਸਮਾਂ - 3.15 ਘੰਟੇ ਕੁੱਲ ਅੰਕ - 80

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ:-

- ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਲਿਖਣ।
- ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ। ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਿਤ ਹਨ। ਪ੍ਰਸ਼ਨ ਨੰਬਰ 20 ਤੋਂ 28 ਤੱਕ ਅੰਦਰੂਨੀ ਵਿਕਲਪ ਹਨ।
- ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ। ਜਿੰਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਹਨਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ ਉੱਪਰ, ਇੱਕ ਹੀ ਤਰਤੀਬ ਵਿੱਚ ਲਿਖੋ।

## ਖੰਡ-ੳ

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ: 10×1=10

1. ਭਾਈ ਵੀਰ ਸਿੰਘ ਦੀ ਰਚਨਾ ਹੈ:
(ੳ) ਸੋਹਜ (ਅ) ਮੇਰਾ ਗੀਤ (ੲ) ਵਿਸਮ-ਆਸਨ (ਸ) ਮੈਂ ਪੰਜਾਬੀ

2. 'ਮੈਂ ਪੰਜਾਬੀ' ਕਵਿਤਾ ਕਿਸ ਕਵੀ ਦੀ ਹੈ:
(ੳ) ਫ਼ੀਰੋਜ਼ਦੀਨ ਸ਼ਰਫ਼ (ਅ) ਧਨੀ ਰਾਮ ਚਾਤ੍ਰਿਕ (ੲ) ਪਾਸ਼ (ਸ) ਪਾਲ ਕੌਰ

3. ਕਿਸਦੇ ਪੋਤੇ ਚੌਣਵੇਂ ਸਰੂਨ ਦੇ ਪਕੜੇ ਗਏ:
(ੳ) ਧਚਨ ਸਿੰਘ (ਅ) ਸ਼ੇਰ ਸਿੰਘ (ੲ) ਰਾਜਾ ਸਿੰਘ (ਸ) ਅੱਠਰ ਸਿੰਘ

4. ਰੁੱਖ, ਪਹਾੜ, ਸਮੁੰਦਰ, ਚੰਦਨ ਕਿਸ ਕਵਿਤਾ ਦੇ ਰੂਪਕ ਹਨ:
(ੳ) ਅਰਦਾਸ ਕਰੀਂ (ਅ) ਸਿ: ਸ਼ਬਦ (ੲ) ਸੋਹਜ (ਸ) ਚੰਗਾ ਹੁੰਦਾ ਜੇ ਉਦਾਸ ਹੋਣਾ

5. ਲਿਆਣਾ ਤੇਰਾ ਸੀ ਨਦੀਆਂ ਨੂੰ ਰਵੇਲੀਏ,
ਤੂੰਹੀ ਵਿੱਚੋਂ ਪੁੱਤ ਜੰਮਿਆ।
ਉਪਰੋਕਤ ਸਤਰਾਂ ਕਿਹੜੇ ਕਵੀ ਦੀਆਂ ਹਨ:
(ੳ) ਭਾਈ ਵੀਰ ਸਿੰਘ (ਅ) ਸੰਤ ਰਾਮ ਉਦਾਸੀ (ੲ) ਡਾ. ਜਗਤਾਰ (ਸ) ਸ. ਸ. ਮੀਸ਼ਾ

6 ਪਲੂ-ਪਲੂ ਪੱਸਤਰ ਦੇਖ ਰੁੜੇ,
ਮੇਰਾ ਬਚਦਾ ਜਾਵੇ ਜੇਰ ਰੁੜੇ।
ਉਪਰੋਕਤ ਕਾਵਿ- ਸਤਰਾਂ ਕਿਸ ਕਵਿਤਾ ਦੀਆਂ ਹਨ:
(ੳ) ਸਨਸਾਨੀ ਦਇਆ ਬਾਲਦੀਏ (ਅ) ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ
(ੲ) ਕਿਤਾਬਾਂ ਵਰਗੇ ਲੋਕ (ਸ) ਦੁਸ਼ਮਣੀ ਦੀ ਦਾਸਤਾਨ

7 ਪ੍ਰਕਿਰਤੀ ਦਾ ਕਵੀ ਕਿਹਾ ਜਾਂਦਾ ਹੈ:
(ੳ) ਹਰਿਭਜਨ ਸਿੰਘ (ਅ) ਧਨੀ ਰਾਮ (ੲ) ਪ੍ਰੋ. ਮੋਹਨ ਸਿੰਘ (ਸ) ਭਾਈ ਵੀਰ ਸਿੰਘ

8 'ਆਪਣੀ ਜਾਚੇ' ਗ਼ਜ਼ਲ ਕਿਸ ਕਵੀ ਦੀ ਹੈ:
(ੳ) ਗੁਰਭਜਨ ਗਿੱਲ (ਅ) ਡਾ. ਵਨੀਤਾ (ੲ) ਗੁਰਤੇਜ ਕੋਹਾਰਵਾਲਾ (ਸ) ਪ੍ਰੋ. ਪੂਰਨ ਸਿੰਘ

9 'ਸਭ ਤੋਂ ਖ਼ਤਰਨਾਕ' ਕਵਿਤਾ ਦਾ ਕਰਤਾ ਹੈ:
(ੳ) ਤ੍ਰਿਲੋਚਨ ਲੋਚੀ (ਅ) ਡਾ. ਪਾਲ ਕੌਰ (ੲ) ਪਾਸ਼ (ਸ) ਚਾਤ੍ਰਿਕ

10 ਰੁਮਾਂਸਵਾਦੀ-ਪ੍ਰਗਤੀਵਾਦੀ ਸ਼ਾਇਰ ਹੈ:
(ੳ) ਸੰਤ ਰਾਮ ਉਦਾਸੀ (ਅ) ਧਨੀ ਰਾਮ ਚਾਤ੍ਰਿਕ (ੲ) ਭਾਈ ਵੀਰ ਸਿੰਘ (ਸ) ਪ੍ਰੋ. ਮੋਹਨ ਸਿੰਘ

11 ਨਕਸਲਵਾਦੀ ਲਹਿਰ ਨਾਲ ਸੰਬੰਧਿਤ ਕਵੀ ਹੈ:
(ੳ) ਗੁਰਭਜਨ ਗਿੱਲ (ਅ) ਹਰਿਭਜਨ ਸਿੰਘ (ੲ) ਸੰਤ ਰਾਮ ਉਦਾਸੀ (ਸ) ਡਾ. ਵਨੀਤਾ

12 'ਸਰਸਵਤੀ ਪੁਰਸਕਾਰ' ਕਿਸ ਕਵੀ ਨੂੰ ਮਿਲਿਆ ਹੈ:
(ੳ) ਭਾਈ ਵੀਰ ਸਿੰਘ (ਅ) ਪ੍ਰੋ. ਪੂਰਨ ਸਿੰਘ (ੲ) ਡਾ. ਜਗਤਾਰ (ਸ) ਸੁਰਜੀਤ ਪਾਤਰ

13 ਪ੍ਰੋ. ਮੋਹਨ ਸਿੰਘ ਦਾ ਕਾਵਿ-ਸੰਗ੍ਰਹਿ ਹੈ:
(ੳ) ਕੈਲਾਸ਼ (ਅ) ਪਹਿੰਘ (ੲ) ਬੂਹੇ (ਸ) ਗੁਲਕੰਦ

14 'ਕੈਦਣੀ ਕਹਾਣੀ' ਕਾਵਿ ਸੰਗ੍ਰਹਿ ਕਿਸ ਕਵੀ ਦਾ ਹੈ:
(ੳ) ਗੁਰਤੇਜ ਕੋਹਾਰਵਾਲਾ (ਅ) ਭਾਈ ਵੀਰ ਸਿੰਘ (ੲ) ਸ਼ਰਫ਼ (ਸ) ਸ. ਸ. ਮੀਸ਼ਾ

15. 'ਚਿੰਤਾ' ਕਿਸ ਰਸ ਦਾ ਸਥਾਈ ਭਾਵ ਹੈ:
(ੳ) ਵੀਭਤਸ (ਅ) ਰੌਦਰ (ੲ) ਕਰੁਣਾ (ਸ) ਸ਼ਿੰਗਾਰ

16 'ਸ਼ਾਂਤ ਰਸ' ਦਾ ਸਥਾਈ ਭਾਵ ਹੈ:
(ੳ) ਅਸਚਰਜ (ਅ) ਵੈਰਾਗ (ੲ) ਭੈਅ (ਸ) ਕ੍ਰੋਧ

17. ਵੈਰੀ ਨਾਗ ਤੇਰਾ ਪਹਿਲਾ ਡੰਗਣਾ,
ਜਦ ਅੱਖੀਆਂ ਵਿੱਚ ਵਸਦਾ।
ਕੁਦਰਤ ਦੇ ਕਾਦਰ ਦਾ ਜਲਵਾ,
ਜੋ ਨੈਣਾਂ ਵਿੱਚ ਹਸਦਾ।
ਉਪਰੋਕਤ ਸਤਰਾਂ ਕਿਸ ਰਸ ਦੀ ਉਦਾਹਰਨ ਹਨ:
(ੳ) ਸ਼ਿੰਗਾਰ (ਅ) ਅਦਭੁਤ (ੲ) ਰੌਦਰ (ਸ) ਸ਼ਾਂਤ

18 ਅੱਜ ਆਖਾਂ ਵਾਰਸ ਸ਼ਾਹ ਨੂੰ,
ਕਿਤੇ ਕਬਰਾਂ ਵਿੱਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ,
ਕੋਈ ਅਗਲਾ ਵਰਕਾ ਫੋਲ।
ਉਪਰੋਕਤ ਸਤਰਾਂ ਕਿਸ ਰਸ ਦੀ ਉਦਾਹਰਨ ਪੇਸ਼ ਕਰਦੀਆਂ ਹਨ:
(ੳ) ਕਰੁਣਾ (ਅ) ਬੀਰ (ੲ) ਸ਼ਿੰਗਾਰ (ਸ) ਭਿਆਨਕ ਰਸ

19 ਰੌਦਰ ਰਸ ਦਾ ਸਥਾਈ ਭਾਵ ਹੈ:
(ੳ) ਘਰਿਣਾ (ਅ) ਭੈਅ (ੲ) ਕ੍ਰੋਧ (ਸ) ਬਹਾਦਰੀ

20 ਸ਼ਿੰਗਾਰ ਰਸ ਦਾ ਸਥਾਈ ਭਾਵ ਹੈ:
(ੳ) ਸੋਗ (ਅ) ਡਰ (ੲ) ਪ੍ਰੇਮ ਜਾਂ ਪ੍ਰੀਤ (ਸ) ਹਾਸਾ

21 ਜਿੱਥੇ ਜੰਗਾਂ-ਯੁੱਧਾਂ ਵਿੱਚ ਬੀਰਤਾ, ਸੂਰਮਗਤੀ ਤੇ ਬਹਾਦਰੀ ਦਿਖਾਉਣ ਦਾ ਉਤਸ਼ਾਹ ਤੇ ਚਾਅ ਹੋਵੇ, ਉੱਥੇ ਕਿਹੜਾ ਰਸ ਪ੍ਰਗਟ ਹੁੰਦਾ ਹੈ:
(ੳ) ਬੀਰ ਰਸ (ਅ) ਭਿਆਨਕ ਰਸ (ੲ) ਅਦਭੁਤ ਰਸ (ਸ) ਰੌਦਰ ਰਸ

22 ਵਿਸਮਾਦੁ ਨਾਦ ਵਿਸਮਾਦੁ ਵੇਦ॥
ਵਿਸਮਾਦੁ ਜੀਅ ਵਿਸਮਾਦੁ ਭੇਦ॥
ਉਪਰੋਕਤ ਸਤਰਾਂ ਕਿਸ ਰਸ ਦੀ ਤਰਜ਼ਮਾਨੀ ਕਰਦੀਆਂ ਹਨ:
(ੳ) ਸ਼ਾਂਤ ਰਸ (ਅ) ਸ਼ਿੰਗਾਰ ਰਸ (ੲ) ਅਦਭੁਤ ਰਸ (ਸ) ਵੀਭਤਸ ਰਸ

23 ਜਿੱਧਰ ਨਜ਼ਰ ਜਾਏ ਤਬਾਹੀ ਮੱਚੀ,
ਕਹਾਣੀ ਹੋ ਗਈ ਲਹੂ ਮਿੱਝ ਦੀ,
ਕਿਤੇ ਮਗਜ਼ ਖੋਪੜੀ ਵਿੱਚੋਂ ਵਹਿ ਗਿਆ,
ਉਪਰੋਕਤ ਸਤਰਾਂ 'ਚ ਰਸ ਦੀ ਪੇਸ਼ਕਾਰੀ ਹੈ:
(ੳ) ਬੀਰ ਰਸ (ਅ) ਵੀਭਤਸ ਰਸ (ੲ) ਕਰੁਣਾ ਰਸ (ਸ) ਸ਼ਾਂਤ ਰਸ

24 'ਸ਼ੋਕ' ਸਥਾਈ ਭਾਵ ਕਿਸ ਰਸ ਨਾਲ ਸੰਬੰਧਿਤ ਹੈ:
(ੳ) ਸ਼ਿੰਗਾਰ ਰਸ (ਅ) ਅਦਭੁਤ ਰਸ (ੲ) ਕਰੁਣਾ ਰਸ (ਸ) ਰੌਦਰ ਰਸ

25. ਨੀ ਅੱਜ ਵੇਚੀ ਆਇਆਂ ਸਾਡੇ ਵਿਹੜੇ,
ਤੱਕਣ ਚੰਨ ਸੂਰਜ ਚੋਰ-ਚੋਰ ਨੇੜੇ।
ਲੱਗੇ ਨੀ ਉਗਦਾ ਲੱਗਾ ਤਾਰਿਆਂ ਵਾਂਗੂ,
ਆਇਆ ਨੀ ਸੌਰੇ ਅੰਬਰ ਘੁੰਮ-ਘੁੰਮ ਫੇਰੇ।
ਉਪਰੋਕਤ ਸਤਰਾਂ ਦਾ ਕਿਹੜੇ ਰਸ ਦੀ ਉਦਾਹਰਨ ਹਨ:
(ੳ) ਹਾਸ ਰਸ (ਅ) ਕਰੁਣਾ ਰਸ (ੲ) ਅਦਭੁਤ ਰਸ (ਸ) ਸ਼ਿੰਗਾਰ ਰਸ

26 ਘੋਰ ਜੰਗਲ, ਸ਼ੇਰ, ਸੱਪ, ਭੂਤ-ਪ੍ਰੇਤ, ਸ਼ਮਸ਼ਾਨ ਭੂਮੀ, ਡਰਾਉਣ ਆਦਿ ਦਾ ਸਿਆਣ ਕਿਸ ਰਸ ਨਾਲ ਸੰਬੰਧਿਤ ਹਨ:
(ੳ) ਵੀਰ ਰਸ (ਅ) ਭਿਆਨਕ ਰਸ (ੲ) ਕਰੁਣਾ ਰਸ (ਸ) ਅਦਭੁਤ ਰਸ

27. 'ਹਵਾ' ਕਹਾਣੀ ਦਾ ਰਚਨਾਕਾਰ ਹੈ:
(ੳ) ਗੁਰਦੇਵ ਰੁਪਾਣਾ (ਅ) ਅਮਨਪਾਲ ਸਾਰਾ
(ੲ) ਗੁਰਦਿਆਲ ਸਿੰਘ (ਸ) ਹਰਪ੍ਰੀਤ ਸੇਖਾ

28 ਸੰਤੋਖ ਸਿੰਘ ਧੀਰ ਦੀ ਕਿਹੜੀ ਕਹਾਣੀ ਸਾਡੇ ਸਿਲੇਬਸ ਦਾ ਹਿੱਸਾ ਹੈ?
(ੳ) ਆਤੂ ਖੋਜੀ (ਅ) ਕੋਈ ਇੱਕ ਸਵਾਰ
(ੲ) ਗੌਡ ਲੀਆਨ (ਸ) ਭੂਆ

29 ਹੇਠ ਦਿੱਤੀਆਂ ਕਹਾਣੀਆਂ ਵਿੱਚੋਂ ਕਿਹੜੀ ਕਹਾਣੀ ਸਾਡੇ ਸਿਲੇਬਸ ਦਾ ਹਿੱਸਾ ਨਹੀਂ ਹੈ:
(ੳ) ਆਪਣਾ-ਆਪਣਾ ਹਿੱਸਾ (ਅ) ਸੱਚ ਈ ਨੁਖਾਜ ਤੇ
(ੲ) ਮੋਹ ਪਾਸ਼ (ਸ) ਖਿੱਤੀਆਂ ਘੁੰਮ ਰਹੀਆਂ ਨ

30 ਗੁਰਮੀਤ ਕੜਿਆਲਵੀ ਦੀ ਕਹਾਣੀ ਹੈ:
(ੳ) ਸ਼ਹੀਦ ਦੀ ਮਾਂ (ਅ) ਮੈਨੂੰ ਜਾਣਦੈਂ?
(ੲ) ਆਤੂ ਖੋਜੀ (ਸ) ਘੜੀ ਤਾਂ ਖਰਾਬ ਹੋਗੀ

31 ਵੈਦਾ ਕਿਸ ਜਾਤੀ ਨਾਲ ਸੰਬੰਧਿਤ ਹੈ:
(ੳ) ਤਰਖਾਣ (ਅ) ਜੱਟ (ੲ) ਘੁਮਿਆਰ (ਸ) ਨਾਈ

32 ਕੁਲਵੰਤ ਸਿੰਘ ਵਿਰਕ ਦਾ ਕਹਾਣੀ ਸੰਗ੍ਰਹਿ ਹੈ:
(ੳ) ਤੂੜੀ ਦੀ ਪੰਡ (ਅ) ਸ਼ਹਿਰ ਹੇਠ ਤੱਕ
(ੲ) ਗਾਂਧੀ ਵੇਸ (ਸ) ਪੱਖੀ

33 'ਵੈਦਾ' ਕਿਸ ਕਹਾਣੀ ਦਾ ਪਾਤਰ ਹੈ:
(ੳ) ਭੂਆ (ਅ) ਘੜੀ ਤਾਂ ਖਰਾਬ ਹੋਗੀ
(ੲ) ਸ਼ਹੀਦ ਦੀ ਮਾਂ (ਸ) ਆਪਣਾ ਆਪਣਾ ਹਿੱਸਾ

34 'ਹਵਾ' ਕਹਾਣੀ ਦੇ ਪਾਤਰ 'ਮਦਨ' ਦੀ ਪਤਨੀ ਦਾ ਨਾਂ ਹੈ:
(ੳ) ਰਾਧਾ (ਅ) ਸ਼ਾਮੋ (ੲ) ਧੰਨੋ (ਸ) ਦੁਰਗੀ

35 ਮਦਨ ਦੇ ਪੁੱਤਰ ਦਾ ਨਾਂ ਹੈ:
(ੳ) ਵਿੱਕੂ (ਅ) ਗੋਗੀ (ੲ) ਭੂਪ (ਸ) ਪਿੰਦੂ

36 ਆਪਣਾ ਆਪਣਾ ਹਿੱਸਾ ਕਹਾਣੀ ਵਿੱਚ ਕਿਸਦੀ ਮੌਤ ਹੋਈ ਹੈ:
(ੳ) ਪਿਓ (ਅ) ਪੁੱਤਰ (ੲ) ਮਾਂ (ਸ) ਧੀ

37 ਘੱਦੂ ਦੀ ਭੈਣ ਦਾ ਨਾਮ ਹੈ:
(ੳ) ਕਰਮੋ (ਅ) ਰਾਜੀ (ੲ) ਦੀਪੋ (ਸ) ਬਚਨੋ

38 ਘੱਦੂ ਕੈਸਾ ਧੰਦਾ ਕੀ ਕਰਦਾ ਸੀ:
(ੳ) ਤਰਖਾਣੀ (ਅ) ਚਿੱਤਰਕਾਰੀ (ੲ) ਕਸ਼ੀਦਾਕਾਰੀ (ਸ) ਦੁਕਾਨਦਾਰੀ

39 ਸਾਡੇ ਸਿਲੇਬਸ ਦੇ ਕਹਾਣੀਕਾਰਾਂ ਵਿੱਚੋਂ ਕਿਹੜਾ ਕਹਾਣੀਕਾਰ ਰਾਜਸਥਾਨ ਨਾਲ ਸੰਬੰਧਿਤ ਹੈ:
(ੳ) ਗੁਰਦੇਵ ਸਿੰਘ (ਅ) ਹਰਪਾਲ ਸਿੰਘ
(ੲ) ਸੰਤੋਖ ਸਿੰਘ (ਸ) ਗੁਰਦਿਆਲ ਸਿੰਘ

40 'ਸੱਚ ਦੀ ਸੁਗਾਤ ਹੈ' ਕਹਾਣੀ ਵਿਚਲੇ ਪਾਤਰ ਗੁਰਬਖ਼ਸ਼ ਦੀ ਪੁੱਤਰੀ ਦਾ ਨਾਂ ਹੈ:
(ੳ) ਕਰਮਜੀਤ (ਅ) ਚਰਨਜੀਤ (ੲ) ਸਤਜੀਤ (ਸ) ਪਰਮਜੀਤ

41 ਬਿੱਕਰ ਅਤੇ ਸਨਜੀਤ ਕਿਸ ਖੇਡ ਦੇ ਖਿਡਾਰੀ ਸਨ:
(ੳ) ਕ੍ਰਿਕਟ (ਅ) ਬਾਲੀਬਾਲ (ੲ) ਕਬੱਡੀ (ਸ) ਟੈਨਿਸ

42 'ਸੌਰਪਾਲ' ਕਹਾਣੀ ਦੇ ਪਾਤਰ ਬਿੱਕਰ ਦੀ ਮਾਤਾ ਦਾ ਨਾਮ ਹੈ:
(ੳ) ਬੰਤੀ (ਅ) ਸੰਤੀ (ੲ) ਕੈਤੀ (ਸ) ਬੀਰੋ

43 'ਆਤੂ ਖੋਜੀ' ਕਹਾਣੀ ਵਿਚ ਮੱਝ ਕਿਹੜੇ ਪਿੰਡ ਤੋਂ ਚੋਰੀ ਹੁੰਦੀ ਹੈ:
(ੳ) ਗੋਜ਼ੂਪੁਰੇ ਤੋਂ (ਅ) ਬੁੱਟਰਾਂ ਤੋਂ (ੲ) ਤਲਵੰਡੀ ਤੋਂ (ਸ) ਪੀਰਾਂ ਵਾਲੀ ਤੋਂ

44 ਕੁਲਵੰਤ ਸਿੰਘ ਵਿਰਕ ਦੀ ਕਹਾਣੀ ਹੈ:
(ੳ) ਸ਼ੇਰ ਦੀ ਮਾਂ (ਅ) ਮੈਨੂੰ ਜਾਣਨੈਂ (ੲ) ਭੂਆ (ਸ) ਹਵਾ

45 ਬਲਵਿੰਦਰ ਸਿੰਘ ਗਰੇਵਾਲ ਦੀ ਕਹਾਣੀ ਹੈ:
(ੳ) ਸੱਚ ਦੀ ਸੁਗਾਤ ਹੈ (ਅ) ਖੇਡ ਬਾਜ਼ਾਰ ਦਾ ਜੇਤੂ
(ੲ) ਮੌਤ ਪਾਸ (ਸ) ਗੁੱਡ ਲੱਕ

46 ਦਲਿਆਨ ਸਿੰਘ-ਸੰਧੂ ਦੀ ਕਹਾਣੀ ਹੈ:
(ੳ) ਆਪਣਾ ਆਪਣਾ ਹਿੱਸਾ (ਅ) ਪੰਛੀ ਤਾਂ ਪਰਾਏ ਹੋਗੀ
(ੲ) ਕੋਈ ਇੱਕ ਸਵਾਰ (ਸ) ਸ਼ੇਰ ਦੀ ਮਾਂ

47 ਹੇਠ ਲਿਖਿਆਂ ਚੋਂ ਓਹ ਕਿਹੜਾ ਕਹਾਣੀਕਾਰ ਹੈ, ਜਿਸਦੀ ਕਹਾਣੀ ਸਾਡੇ ਸਿਲੇਬਸ 'ਚ ਨਹੀਂ ਲੱਗੀ:
(ੳ) ਬਲਵਿੰਦਰ (ਅ) ਗੁਰਮੀਤ (ੲ) ਗੁਰਦਿਆਲ (ਸ) ਅਜੀਤ

48 ਹੇਠ ਲਿਖਿਆਂ ਚੋਂ ਕਿਸ ਕਹਾਣੀਕਾਰ ਦੀ ਕਹਾਣੀ ਸਾਡੇ ਸਿਲੇਬਸ 'ਚ ਲੱਗੀ ਹੈ:
(ੳ) ਅੰਮ੍ਰਿਤਾ ਪ੍ਰੀਤਮ (ਅ) ਅਜੀਤ ਕੌਰ (ੲ) ਸੰਤੋਖ ਧੀਰ (ਸ) ਚੰਦਨ ਨੇਗੀ

49 ਸਾਡੇ ਸਮਾਜ ਦੇ ਕ੍ਰਿਕਟ ਉੱਤੇ ਇਕ ਵਿਅੰਗ ਕਰਦੀ ਕਹਾਣੀ ਹੈ:
(ੳ) ਸੱਚ ਦੀ ਸੁਗਾਤ ਹੈ (ਅ) ਭੂਆ (ੲ) ਹਵਾ (ਸ) ਗੁੱਡ ਲੱਕ

50 'ਵੰਝਲੀ ਵਿੱਚ ਸਵਾਰ' ਕਹਾਣੀ ਦਾ ਮੁੱਖ ਪਾਤਰ ਹੈ:
(ੳ) ਬਾਰੂ (ਅ) ਕਿੱਲੂ (ੲ) ਸਦਨ (ਸ) ਅਮਜੀਤ

51 ਜਿਹੜੇ ਘਰ ਧੀਆਂ ਵਾਲੀ ਵੰਝਲੀ ਕਿੱਲੀ ਤਾਂ ਨਹੀਂ।
ਉਸ ਘਰ ਰਹਿਮਤਾਂ ਵਾਲੀ ਤੂੰਬੀ ਵੱਜੀ ਵੀ ਨਹੀਂ।
ਉਪਰੋਕਤ ਬੋਲ ਕਿਸ ਕਵੀ ਦੇ ਹਨ:
(ੳ) ਪ੍ਰੋ. ਪੂਰਨ ਸਿੰਘ (ਅ) ਭਾਈ ਵੀਰ ਸਿੰਘ (ੲ) ਪਾਸ਼ (ਸ) ਗੁਰਭਜਨ ਗਿੱਲ

52 ਕੁੱਜੀ ਜਾਂ ਘੜੀ....
ਸਾਈਕਲ, ਸਕੂਟਰ, ਕਾਰ, ਬੱਸਾਂ....
ਖੋਰ ਗਏ ਨੇ ਸਭ!
ਉਪਰੋਕਤ ਸਤਰਾਂ ਕਿਸ ਕਵੀ ਦੀਆਂ ਹਨ:
(ੳ) ਡਾ. ਵਨੀਤਾ (ਅ) ਡਾ. ਪਾਲ ਕੌਰ (ੲ) ਡਾ. ਚੰਦਨ ਨੇਗੀ (ਸ) ਡਾ. ਸੁਖਵਿੰਦਰ

53 ਭੁੱਖ ਹੀ ਲੜਦੀ ਹੈ,
ਸਰਹੱਦਾਂ ਦੇ ਉੱਤੇ ਭੁੱਖ ਨਾਲ।
ਉਪਰੋਕਤ ਸਤਰਾਂ ਕਿਸ ਕਵਿਤਾ ਦੀਆਂ ਹਨ:
(ੳ) ਹਰ ਮੋੜ ਤੇ ਸਲੀਬਾਂ (ਅ) ਇਹ ਲਹੂ ਲੋਕਾਂ ਦਾ ਹੈ
(ੲ) ਬਦੇਸ਼ੀ ਸੌਦਾਗਰ (ਸ) ਡਾਇਨਾ ਭੁੱਖ

54 ਹੇਠ ਲਿਖੀਆਂ ਵਿੱਚੋਂ ਕਿਹੜੀ ਕਵਿਤਾ ਭਾਈ ਵੀਰ ਸਿੰਘ ਦੀ ਨਹੀਂ:
(ੳ) ਰਸ ਚੋਰ ਤੇ ਚੋਰ ਪਹਿਰੇਦਾਰੀਆਂ (ਅ) ਵਿਸਮਾਦਨਾਦਨ
(ੲ) ਸਮਾਂ (ਸ) ਵਿਸਮ- ਆਸਨ

55 ਗੁਰਭਜਨ ਗਿੱਲ ਦੀ ਕਾਵਿ ਰਚਨਾ ਹੈ:
2 (ੳ) ਧੀਆਂ ਦੀਆਂ ਲੋਹੜੀਆਂ (ਅ) ਨਿ: ਸ਼ਬਦ (ੲ) ਸੋਜ਼ (ਸ) ਅਰਦਾਸ ਕਰੀਂ

56 ਪਾਸ਼ ਦੀ ਕਾਵਿ-ਰਚਨਾ ਹੈ:
(ੳ) ਪੰਜਾਬ ਦੇ ਮਜ਼ੂਰ (ਅ) ਆਪਣੀ ਜਾਤੇ (ੲ) ਸਭ ਤੋਂ ਖ਼ਤਰਨਾਕ (ਸ) ਬਦੇਸ਼ੀ ਸੈਰ

57 ਕ੍ਰਾਂਤੀਕਾਰੀ ਵਿਚਾਰਧਾਰਾ ਦੀ ਤਰਜਮਾਨੀ ਕਰਦੇ ਕਵੀ ਹਨ:
(ੳ) ਡਾ. ਵਨੀਤਾ, ਡਾ. ਪਾਲ ਕੌਰ (ਅ) ਪਾਸ਼, ਸੰਤ ਰਾਮ ਉਦਾਸੀ
(ੲ) ਭਾਈ ਵੀਰ ਸਿੰਘ, ਪੂਰਨ ਸਿੰਘ (ਸ) ਗੁਰਤੇਜ ਕੋਹਾਰਵਾਲਾ, ਤ੍ਰੈਲੋਚਨ ਲੋਚੀ

58 'ਆਇਆ ਨੰਦ ਕਿਸ਼ੋਰ' ਕਵਿਤਾ ਵਿੱਚ ਪਰਵਾਸੀਆਂ ਦੇ ਕਿਹੜੇ ਪੱਖ ਦੀ ਗੱਲ ਹੋਈ ਹੈ:
(ੳ) ਸ਼ੋਸ਼ਣਕਾਰ (ਅ) ਬੇਗਾਰੀ (ੲ) ਭਾੜੇਦਾਰ (ਸ) ਕਜ਼ੀਏ

59 'ਧੀਆਂ ਦੀਆਂ ਲੋਹੜੀਆਂ' ਕਾਵਿ ਰਚਨਾ ਵਿੱਚ ਆਏ 'ਪਰੇਰ' ਸ਼ਬਦ ਦਾ ਅਰਥ ਦੱਸੋ:
(ੳ) ਪ੍ਰੇਮ (ਅ) ਵਿੱਚ (ੲ) ਸ਼ਹਿਰ (ਸ) ਡੇਰ

60 'ਰੁੜੀਆਂ ਦਾ ਫੇਰਾ' ਕਵਿਤਾ ਵਿੱਚ ਆਏ ਸ਼ਬਦ 'ਗਠਾਂ' ਦਾ ਅਰਥ ਦੱਸੋ:
(ੳ) ਗਠੜੀਆਂ (ਅ) ਆਸਰੇ (ੲ) ਖੇਤ (ਸ) ਪਾਗੜੀ

-8

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਪੰਗਤੀ ਵਿੱਚ ਦਿਓ: 7x1 = 7

1. 'ਸ਼ਮਸ਼ਾਨ ਪਾਉਣਾ' ਮੁਹਾਵਰੇ ਦਾ ਅਰਥ ਸਪੱਸ਼ਟ ਕਰੋ।
2. 'ਹੱਥ ਰੰਗਣਾ' ਮੁਹਾਵਰੇ ਦਾ ਵਾਕ ਬਣਾਓ।
3. 'ਦੇਖਦਿਆਂ ਵਿੱਚ ਨਾ, ----' ਮੁਹਾਵਰਾ ਪੂਰਾ ਕਰੋ।
4. 'ਕਸਰ ਕੱਸੀ ਕਰਨਾ' ਮੁਹਾਵਰੇ ਦਾ ਅਰਥ ਸਪੱਸ਼ਟ ਕਰੋ।
5. 'ਚੈਨ ਆਉਣਾ' ਮੁਹਾਵਰੇ ਦਾ ਵਾਕ ਬਣਾਓ।
6. '------ ਵਿੱਚ ਰੋੜਾ ਅਟਕਾਉਣਾ। ਮੁਹਾਵਰਾ ਪੂਰਾ ਕਰੋ।
7. 'ਜਾਨ ਸੁੱਕਣੀ', ਮੁਹਾਵਰੇ ਦਾ ਅਰਥ ਸਪੱਸ਼ਟ ਕਰੋ।
8. 'ਫੂਕ ਦੇਣਾ' ਮੁਹਾਵਰੇ ਦਾ ਵਾਕ ਬਣਾਓ।
9. 'ਤਿਲ ਧਰਨ ਨੂੰ ----। ਮੁਹਾਵਰਾ ਪੂਰਾ ਕਰੋ।
10. 'ਸੂਹ-ਸੂਹ ਕਰਨਾ' ਮੁਹਾਵਰੇ ਦਾ ਅਰਥ ਸਪੱਸ਼ਟ ਕਰੋ।
11. 'ਫੇਰੀਆਂ ਪਾਉਣਾ' ਮੁਹਾਵਰੇ ਨੂੰ ਇਸ ਤਰ੍ਹਾਂ ਵਾਕ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਵੇ।
12. ------ ਬਤੰਗੜ ਬਣਨਾ। ਮੁਹਾਵਰਾ ਪੂਰਾ ਕਰੋ।
13. 'ਮੂੰਹ ਮੋੜਨਾ' ਮੁਹਾਵਰੇ ਦਾ ਅਰਥ ਸਪੱਸ਼ਟ ਕਰੋ।
14. 'ਮੋਹੜੀ ਗੱਡਣਾ' ਮੁਹਾਵਰੇ ਨੂੰ ਇਸ ਤਰ੍ਹਾਂ ਵਾਕ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਵੇ।
15. ਰੱਸੀ ਤੋਂ -----। ਮੁਹਾਵਰਾ ਪੂਰਾ ਕਰੋ।
16. 'ਫੁੱਲੇ ਨਾ ਸਮਾਉਣਾ' ਮੁਹਾਵਰੇ ਦਾ ਅਰਥ ਸਪੱਸ਼ਟ ਕਰੋ।
17. 'ਲੇਖ ਜਾਗਣੇ' ਮੁਹਾਵਰੇ ਨੂੰ ਇਸ ਤਰ੍ਹਾਂ ਵਾਕ ਵਿੱਚ ਪ੍ਰਯੋਗ ਕਰੋ ਕਿ ਅਰਥ ਸਪੱਸ਼ਟ ਹੋ ਜਾਵੇ।
18. ----- ਦੀ ਪਰਵਾਹ ਨਾ ਕਰਨਾ - ਮੁਹਾਵਰਾ ਪੂਰਾ ਕਰੋ।
19. 'ਕੋਈ ਇੱਕ ਜਵਾਬ' ਕਹਾਣੀ ਕਿਸ ਵਰਗ ਦੀ ਪ੍ਰਤੀਨਿਧਤਾ ਕਰਦੀ ਹੈ?
20. 'ਮੈਨੂੰ ਜਾਣਦੈਂ?' ਕਹਾਣੀ ਦੇ ਦੋਵੇਂ ਮੁੱਖ ਪਾਤਰਾਂ ਦੀ ਮੁਲਾਕਾਤ ਕਿਵੇਂ ਹੁੰਦੀ ਹੈ?
21. 'ਫੈਂਚਾ' ਮੱਛਰ ਦਾ ਕੌਣ ਹੈ ਤੇ ਕਿਸ ਪਾਸ ਜਾਂਦਾ ਹੈ?
22. 'ਮਦਨ' ਕਿਉਂ ਤ੍ਰੱਭਕ ਗਿਆ ਸੀ?
23. 'ਆਪਣਾ ਆਪਣਾ ਹਿੱਸਾ' ਕਹਾਣੀ ਵਿੱਚ ਕਿਸਦੇ ਫੁੱਲ ਹਰਿਦੁਆਰ ਪਾਉਣ ਦੀ ਗੱਲ ਤੁਰਦੀ ਹੈ?
24. 'ਸੱਚ ਦੀ ਮਸ਼ਾਲ ਹੈ' ਕਹਾਣੀ ਵਿੱਚ ਕੌਣ ਤੀਜੀ ਵਾਰ ਸਰਪੰਚ ਬਣਦਾ ਹੈ?
25. 'ਮੋਹ-ਪਾਸ਼' ਕਹਾਣੀ ਵਿੱਚ ਕਿਹੜੇ ਦੋ ਪਾਤਰ ਇੱਕ ਟੀਮ ਵੱਲੋਂ ਕਬੱਡੀ ਖੇਡਦੇ ਹਨ?
26. 'ਆਤੂ ਖੋਜੀ' ਦਾ ਪੂਰਾ ਨਾਂ ਹੈ?
27. 'ਬਾਰੂ' ਕੀ ਕੰਮ ਕਰਦਾ ਸੀ?

28 'ਤਬਾ' ਕਹਾਣੀ ਦਾ ਮੁੱਖ ਪਾਤਰ ਆਪਣੇ ਘਰ ਕਿਸ ਉੱਪਰ ਜਾ ਰਿਹਾ ਸੀ?
29 'ਪੱਟੂ' ਜੋਗੀ ਕਿੰਨੇ ਭੈਣ-ਭਰਾ ਸਨ? ਸਾਰਿਆਂ ਦੇ ਨਾਂ ਦੱਸੋ।
30 ਚੌਧਰੀ ਜੱਸਾ ਰਾਮ ਕੋਲ ਕਿੰਨੀ ਜ਼ਮੀਨ ਸੀ?
31 'ਵਿਰਸ, ਅਸਲ' ਕਵਿਤਾ ਵਿੱਚ ਕਵੀ ਕੀ ਕਹਿਣਾ ਚਾਹੁੰਦਾ ਹੈ?
32 'ਚੁਲ੍ਹ ਚੌਕ ਤੇ ਚੌਕ ਪ੍ਰਧਾਨੀਆਂ' ਕਵਿਤਾ ਵਿੱਚ ਕਵੀ ਕਿਸ ਤੋਂ ਸਦਕੇ ਜਾਂਦਾ ਹੈ?
33 'ਸ਼ਾਲੀ ਕੋਠੀ ਸੱਧਣੀ, ਸੋਨੀ ਕਾਨ੍ਹ ਬਹਾਰ' ਤੁਕ ਰਾਹੀਂ ਕਵੀ ਕੀ ਕਹਿਣਾ ਚਾਹੁੰਦਾ ਹੈ?
34 'ਸਿਫ਼ਤ ਵਿੱਚ ਕਿਰਸਾਨ ਕਿੱਕ, ਟਕ੍ਰਾ ਮਿਸਾ ਤੇ ਬਾਗ' ਤੁਕ ਚ ਆਏ ਸਿਫ਼ਤ ਅਤੇ ਟਕ੍ਰਾ ਸ਼ਬਦ ਦੇ ਅਰਥ ਦੱਸੋ।
35 'ਅਰਜ਼ੀ ਦੀਵਾਨੀ' ਕਵਿਤਾ ਵਿੱਚ ਕਿਹੜੇ ਸ਼ਹਿਰ ਦੀ ਗੱਲ ਹੋਈ ਹੈ?
36 'ਮੈਂ ਪੰਜਾਬੀ' ਕਵਿਤਾ ਵਿੱਚ ਪੰਜਾਬ ਤੋਂ ਬਿਨਾਂ ਹੋਰ ਕਿਹੜੇ ਸੂਬੇ ਦਾ ਜ਼ਿਕਰ ਹੋਇਆ ਹੈ?
37 'ਸਤ ਤੋਂ ਸੁਤਰਜਾਰ' ਕਵਿਤਾ ਵਿੱਚ ਸਤ ਤੋਂ ਖੁਤਰਜਾਰ ਕਿਸਨੂੰ ਕਿਹਾ ਗਿਆ ਹੈ?
38 ਚੌਰ ਸਿਪਾਹੀਆਂ ਦਾ ਮੁੱਲ ਆਪ ਕਦੋਂ ਪਾਉਣ ਲੱਗਣਗੇ?
39 'ਸੰਤ ਰਾਮ ਉਦਾਸੀ' ਨੇ ਆਪਣੀ ਕਵਿਤਾ ਵਿੱਚ ਵਣਜਾਰਾ ਸ਼ਬਦ ਕਿਸ ਲਈ ਵਰਤਿਆ ਹੈ?
40 'ਚੀਥੜੇ' ਸ਼ਬਦ ਦੇ ਅਰਥ ਸਪੱਸ਼ਟ ਕਰੋ।
41 'ਹੀਰ ਵਿਜੋਗ' ਕਿਸ ਗੱਲੀ ਚ ਬੈਠ ਕੇ ਪਿਆਰ ਤੋਂ ਪੰਜਾਬ ਆਇਆ?
42 ਰੂਪ, ਪਰਾਗ, ਸਮੁੰਦਰ ਤੇ ਬੱਦਲ ਕਿਉਂ ਰੁੱਸ ਬੈਠੇ ਸਨ?

11 ਹੇਠ ਲਿਖੀਆਂ ਖਾਲੀ ਥਾਵਾਂ ਨੂੰ ਭਰੋ: 3×1 = 3

1. ----- ਨੂੰ ਖੀਰ ਨਹੀਂ ਪਚਦੀ।
2. ਰੀਸਾਂ ਦੇ ਵੀ -----।
3. ਸੌ ਦਿਨ ਚੋਰ ਦਾ -----।
4. ----- ਕੁੱਤਾ ਵੀ ਸ਼ੇਰ ਹੁੰਦਾ ਹੈ।
5. ----- ਤੇ ਹੁੱਜਤਾਂ ਢੇਰ।
6. ਇੱਕੋ ਰਾਮ ਰਾਮ -----।
7. ਘਾਟੇ ਵੇਲੇ ਤੇ -----।
8. ----- ਨੂੰਹ ਤਿੱਖੇ।
9. ----- ਮੋਤੀਆਂ ਦੇ ਵੱਟੇ।
10. ਜਿਹੀ ਕਰਨੀ -----।
11. ਡਾਢੇ ਦਾ -----।
12. ----- ਚੁਬਾਰੇ ਰਸੋਈ।
13. ----- ਹੁੱਜਤਾਂ ਢੇਰ।
14. ਦੋ ਮੁੱਲਾਂ ਵਿੱਚ -----।
15. ਬਿੱਲੀ ਦੇ ਭਾਗੀਂ -----।
16. ----- ਲੰਗੋਟੀ ਭਲੀ।
17. ----- ਭੁੱਖੇ ਦੀ ਮਾਰ।
18. ਵੇਲੇ ਦੀ ਨਮਾਜ਼ -----।

ਪ੍ਰ-17 ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ: 6×2 = 12

1. 'ਇਲਮ, ਅਮਲ' ਕਵਿਤਾ ਸਾਨੂੰ ਕੀ ਸੁਨੇਹਾ ਦਿੰਦੀ ਹੈ?
2. 'ਇਨਸਾਨਸਤਾਨ' ਕਵਿਤਾ 'ਚ ਕਵੀ ਕੀ ਕਹਿਣਾ ਚਾਹੁੰਦਾ ਹੈ?
3. 'ਮੈਂ ਪੰਜਾਬੀ' ਕਵਿਤਾ ਵਿੱਚ ਕਵੀ ਮਾਂ ਬੋਲੀ ਦਾ ਪੱਖ ਕਿਵੇਂ ਪੂਰਦਾ ਹੈ?
4. 'ਮੇਰੇ ਗੀਤ' ਕਵਿਤਾ ਰਾਹੀਂ ਕਵੀ ਕਿਹੜੇ ਭਾਵਾਂ ਦਾ ਜ਼ਿਕਰ ਕਰਦਾ ਹੈ?
5. 'ਧਰਤੀ ਦੇ ਫੁੱਲ' ਕਵਿਤਾ ਕਿਨ੍ਹਾਂ ਵਿਚਾਰਾਂ ਦਾ ਸੰਦੇਸ਼ ਪਾਠਕ ਨੂੰ ਪਹੁੰਚਾਉਣਾ ਚਾਹੁੰਦੀ ਹੈ?
6. 'ਗਾਈਆਂ' ਗੀਤ ਰਾਹੀਂ ਕਵੀ ਕੀ ਵਿਚਾਰ ਪੇਸ਼ ਕਰਦਾ ਹੈ?
7. 'ਮੀਰੀ ਤੇ ਸੱਟ ਦੀ ਸਾਂਝੀ ਵਿਥਿਆ ਦੇ ਨਾਂ' ਗੀਤ ਕਿਹੜੇ ਭਾਵਾਂ ਦੀ ਤਰਜ਼ਮਾਨੀ ਕਰਦਾ ਹੈ?
8. 'ਸਮਾਂ' ਕਵਿਤਾ ਸਾਨੂੰ ਕੀ ਉਪਦੇਸ਼ ਦਿੰਦੀ ਹੈ?
9. ਕਵੀ ਕਿਰਸਾਣ ਨੂੰ ਆਪਣੀ ਹਾਲਤ ਦੀ ਪਛਾਣ ਕਰਨ ਲਈ ਕਿਵੇਂ ਪ੍ਰੇਰਿਤ ਕਰਦਾ ਹੈ?
10. 'ਅਰਸ਼ੀ ਦੀਵਾਲੀ' ਕਵਿਤਾ ਵਿੱਚ ਕਵੀ ਹਰੀ ਮੰਦਰ ਦੇ ਸੋਹਜ ਦੀ ਸਿਫ਼ਤ ਕਿਵੇਂ ਕਰਦਾ ਹੈ?
11. ਖ਼ਾਨਗਾਹੀ ਦੀਵਾ ਬਾਲਣ ਨਾਲ ਸੰਸੇ ਕਿਵੇਂ ਦੂਰ ਹੋ ਜਾਣਗੇ?
12. 'ਦੁਸ਼ਮਣੀ ਦੀ ਦਾਸਤਾਨ' ਕਵਿਤਾ ਵਿੱਚ ਸਿਆਸਤਦਾਨ ਨੂੰ ਕਿਹੜੀ ਗੱਲ ਸਮਝ ਨਹੀਂ ਆਉਂਦੀ?
13. 'ਸਭ ਤੋਂ ਖ਼ਤਰਨਾਕ' ਕਵਿਤਾ ਆਪਣੇ ਵਿਚਾਰਾਂ ਨੂੰ ਸੰਖੇਪ 'ਚ ਬਿਆਨ ਕਰੋ।
14. 'ਆਇਆ ਨੰਦ ਕਿਸ਼ੋਰ' ਕਵਿਤਾ ਕੀ ਸੁਨੇਹਾ ਦਿੰਦੀ ਹੈ?
15. '[illegible]' ਕਵਿਤਾ ਮਨੁੱਖ ਨੂੰ ਕੀ ਸੰਦੇਸ਼ ਦਿੰਦੀ ਹੈ?
16. 'ਆਪਣੀ ਜਾਣੇ' ਗ਼ਜ਼ਲ ਕਿਨ੍ਹਾਂ ਵਿਚਾਰਾਂ ਦੀ ਤਰਜ਼ਮਾਨੀ ਕਰਦੀ ਹੈ?
17. 'ਪੁਰਖਿਆਂ ਦੇ ਰਸਤੇ 'ਤੇ' ਕਵਿਤਾ ਦਾ ਭਾਵ ਸਪੱਸ਼ਟ ਕਰੋ।
18. 'ਸੌਂਕ' ਕਵਿਤਾ ਕਿਹੜੀ ਸੌਂਕ ਦੀ ਗੱਲ ਕਰਦੀ ਹੈ?
19. 'ਧੀਆਂ ਦੀਆਂ ਲੋਹੜੀਆਂ' ਕਾਵਿ ਰਚਨਾ ਮਨੁੱਖ ਨੂੰ ਕੀ ਉਪਦੇਸ਼ ਦਿੰਦੀ ਹੈ?
20. 'ਜੇ ਤੁਰਿਆਂ' ਗ਼ਜ਼ਲ ਵਿੱਚ ਕਵੀ, ਕੀ ਕਹਿਣਾ ਚਾਹੁੰਦਾ ਹੈ?
21. 'ਚੜ੍ਹ ਚੱਕ ਤੇ ਚੱਕ ਘੁਮਾਣੀਆਂ' ਕਾਵਿ ਰਚਨਾ ਵਿੱਚ ਕਵੀ ਕੀ ਸੰਦੇਸ਼ ਦਿੰਦਾ ਹੈ?
22. 'ਕਿਰਸਾਣ' ਆਪਣੀ ਫ਼ਸਲ ਦੇ ਪੱਕਣ ਅਤੇ ਘਰੇ ਆਉਣ ਦੀ ਕੀ ਕਾਮਨਾ ਕਰਦਾ ਹੈ?
23. 'ਇਨਸਾਨਸਤਾਨ' ਕਵਿਤਾ ਵਿੱਚ ਕਵੀ ਸਾਰੀ ਨੂੰ ਇੱਕ ਹੋਰ ਹੰਭਲਾ ਮਾਰਨ ਲਈ ਕਿਉਂ ਆਖਦਾ ਹੈ?
24. 'ਖ਼ਾਨਗਾਹੀ ਦੀਵਾ ਬਾਲਦੀਏ' ਕਵਿਤਾ ਵਿਚਲੀ ਕੁੱਬੀ ਬੇਰੀ ਦਾ ਜ਼ਿਕਰ ਕਿਉਂ

25. 'ਕੋਈ ਇੱਕ ਸਵਾਰ' ਕਹਾਣੀ ਰਾਹੀਂ ਕਹਾਣੀਕਾਰ ਕੀ ਸਮਝਾਉਣਾ ਚਾਹੁੰਦਾ ਹੈ?
26 'ਮੈਨੂੰ ਜਾਣਦੈਂ?' ਕਹਾਣੀ ਦੇ ਮੁੱਖ ਪਾਤਰ ਦੇ ਵਿਹਾਰ ਬਾਰੇ ਕੀ ਵਿਚਾਰ ਹਨ?
27 'ਕੈਰੋ', ਦੇਸੂ ਦੀ ਫੋਟੋ ਦੇਖ ਕੇ ਕਿਉਂ ਪਰੇਸ਼ਾਨ ਸੀ?
28 'ਤਬਾ' ਕਹਾਣੀ ਕਿਹੜੇ ਸਮੇਂ ਦੀ ~~ਅ~~ ਪੇਸ਼ਕਾਰੀ ਕਰਦੀ ਹੈ?
29 ਕਰਮ ਸਿੰਘ, ਗੁਰਬਖ਼ਸ਼ੇ ਸਰਪੰਚ ਦਾ ਕਤਲ ਕਿਉਂ ਕਰਦਾ ਹੈ?
30 'ਬਾਰੂ' ~~ਬਾਰੇ~~ ਦੀ ਸ਼ਖ਼ਸੀਅਤ ਬਾਰੇ ਚਾਰ ਸਤਰਾਂ ਲਿਖੋ।
31 ਦੇਸੂ ਨੌਕਰੀ ਕਿੱਥੇ ਕਰਦਾ ਸੀ?
32 ਮਦਨ ਦੇ ਮੁੰਡੇ ਦੀ ਮੌਤ ਕਿਵੇਂ ਹੁੰਦੀ ਹੈ?
33 'ਆਪਣਾ-ਆਪਣਾ ਹਿੱਸਾ' ਕਹਾਣੀ ਪੇਂਡੂ ਸਭਿਆਚਾਰ ਦੇ ਕਿਹੜੇ ਪੱਖ ਦਾ ਜ਼ਿਕਰ ਪੇਸ਼ ਕਰਦੀ ਹੈ?
34 'ਸੱਤ ਬੀ ਸੁਖਸ਼ ਹੈ' ਕਹਾਣੀ ਸਾਡੇ ਵਿਕਾਸ ਤੰਤਰ ਬਾਰੇ ਕੀ ਵਿਚਾਰ ਪੇਸ਼ ਕਰਦੀ ਹੈ?
35 'ਮੋਹ-ਪਾਸ਼' ਕਹਾਣੀ ਪੇਂਡੂ ਤਾਣੇ-ਬਾਣੇ ਦੇ ਕਿਹੜੇ ਚੰਗੇ ਅਤੇ ਕਿਹੜੇ ਮਾੜੇ ਪੱਖ ਦੀ ਪੇਸ਼ਕਾਰੀ ਕਰਦੀ ਹੈ?
36 ਮੇਲੋ ਇੱਕ ਪਿੰਡ ਦੀ ਮੌਤ ਕਿਵੇਂ ਹੋਈ ਸੀ?

Q-18 ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ-ਚਿੰਨ੍ਹਾਂ ਦੀ ਵਰਤੋਂ ਕਰੋ। 2×2 = 4

1. ਨਹੀਂ ਮੈਂ ਤੁਹਾਡਾ ਕੰਮ ਨਹੀਂ ਕਰਦਾ
2. ਹੈਂ ਐਨਾ ਹਨੇਰ
3. ਲਾਲਚ ਅਤੇ ਬੇਈਮਾਨੀ ਬਹੁਤ ਵੱਡੀਆਂ ਬੁਰਾਈਆਂ ਹਨ
4. ਅਧਿਆਪਕ ਨੇ ਕਿਹਾ ਰੱਬ ਸਭ ਦਾ ਰਾਖਾ ਹੈ
5. ਉਸ ਨੇ ਕਿਹਾ ਤੂੰ ਕਿੱਧਰ ਚੱਲਿਆਂ ਹੈਂ
6. ਮਨੁੱਖ ਇੱਕ ਸਮਾਜਕ ਪ੍ਰਾਣੀ ਹੈ
7. ਅੱਜ ਦੇਸ਼ ਵਿਦੇਸ਼ ਦਾ ਫ਼ਰਕ ਮਿਟਦਾ ਜਾ ਰਿਹਾ ਹੈ
8. ਦੇਸ਼ ਵਿੱਚ ਬੇਕਾਰੀ ਗ਼ਰੀਬੀ ਮਹਿੰਗਾਈ ਛਾ ਜਾਵੇਗੀ
9. ਦੁਖਦੀ ਅੱਖ ਵਿੱਚ ਦਾਰੂ ਪਾਓ ਠੀਕ ਹੋ ਜਾਵੇਗੀ
10. ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ
11. ਅੱਸੂ ਦੇ ਮਹੀਨੇ ਦੀ ਠੰਢੀ ਮਿੱਠੀ ਰੁੱਤ ਬੜੀ ਰਸੀਆ ਹੁੰਦੀ ਹੈ
12. ਲੋਕ ਆਪਣੇ ਘਰਾਂ ਦੀਆਂ ਛੱਤਾਂ ਬਨੇਰਿਆਂ ਦੀਪਾਂ ਦੀ ਸਜਾਵਟ ਕਰਦੇ ਹਨ
13. ਮਨ ਹਰਾਮੀ ਹੁੱਜਤਾਂ ਢੇਰ
14. ਜੋਸ਼ ਨਾਲ ਉਸਦਾ ਅੰਗ ਅੰਗ ਫ਼ਰਕਣ ਲੱਗ ਪਿਆ
15. ਸਤਲੁਜ ਦੀ ਵਾਦੀ ਵਿੱਚੋਂ ਕਾਫ਼ੀ ਪੁਰਾਣੇ ਸਿੱਕੇ ਆਦਿ ਮਿਲੇ ਹਨ
16. ਵਿਦਿਆਰਥੀਆਂ ਨੂੰ ਰਾਜਨੀਤੀ ਤੋਂ ਦੂਰ ਰਹਿਣਾ ਚਾਹੀਦਾ ਹੈ
17. ਮੈਂ ਡੀ ਏ ਵੀ ਕਾਲਜ ਵਿੱਚ ਪੜ੍ਹਦਾ ਹਾਂ
18. ਖਾਲਸਾ ਕਾਲਜ ਖੇਡਾਂ ਅਤੇ ਪੜ੍ਹਾਈ ਦਾ ਬਹੁਤ ਵੱਡਾ ਕੇਂਦਰ ਹੈ
19. ਪਿੰਡਾਂ ਦੀ ਮਨ ਭਾਉਂਦੀ ਖੇਡ ਕਬੱਡੀ ਹੈ
20. ਭਰੂਣ ਹੱਤਿਆ ਸਮਾਜ ਦੇ ਮੱਥੇ ਉੱਪਰ ਕਲੰਕ ਹੈ
21. ਮੈਂ ਦਸਵੀਂ ਜਮਾਤ ਚ ਪੜ੍ਹਦਾ ਹਾਂ
22. ਬੱਚੇ ਨਿਸ਼ਚਿਤ ਥਾਂ ਤੇ ਪਹੁੰਚ ਚੁੱਕੇ ਹਨ
23. ਅੰਮ੍ਰਿਤਾ ਪ੍ਰੀਤਮ ਇੱਕ ਪ੍ਰਸਿੱਧ ਕਵਿੱਤਰੀ ਹੈ
24. ਅਮੀਰ ਬਣਨ ਦੀ ਲਾਲਸਾ ਕਰਕੇ ਮਨੁੱਖ ਚੋਰ ਬਜ਼ਾਰੀ ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਵਿੱਚ ਲਿਪਤ ਹੋ ਗਿਆ ਹੈ

ਖੰਡ - ੲ

20-23 ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ: 12

4x4 = 16

20
1. 'ਇਨਸਾਨਸਤਾਨ' ਕਵਿਤਾ ਸਾਨੂੰ ਕੀ ਸੰਦੇਸ਼ ਪ੍ਰਦਾਨ ਕਰਦੀ ਹੈ?
2. 'ਮੈਂ ਪੰਜਾਬੀ' ਕਵਿਤਾ ਦਾ ਸਾਰ ਲਿਖੋ।
3. 'ਸ਼ਨਾਗਾਰੀ ਦੀਆਂ ਬਾਤਚੀਏ' ਕਵਿਤਾ ਦਾ ਸਾਰ ਬਿਆਨ ਕਰੋ।
4. 'ਮੇਰੇ ਗੀਤ' ਰਾਹੀਂ ਕਵੀ ਕਿਹੜੇ ਭਾਵਾਂ ਦਾ ਪ੍ਰਚਾਰ ਕਰਦਾ ਹੈ ਅਤੇ ਕਿਉਂ?
5. 'ਹਾਣੀਆਂ' ਗੀਤ ਦਾ ਸਾਰ ਬਿਆਨ ਕਰੋ।
6. 'ਚੂੜੀਆਂ ਦਾ ਜੋੜਾ' ਕਵਿਤਾ ਦਾ ਸੰਖੇਪ ਸਾਰ ਲਿਖੋ।
7. 'ਮੁਰਗਿਆਂ ਦੇ ਰਸਤੇ 'ਤੇ' ਕਵਿਤਾ ਕਿਹੜੇ ਵਿਚਾਰਾਂ ਦੀ ਤਰਜ਼ਮਾਨੀ ਕਰਦੀ ਹੈ?
8. 'ਔੜ' ਕਵਿਤਾ ਕਿਹੜੇ ਭਾਵਾਂ ਦਾ ਪ੍ਰਚਾਰ ਕਰਦੀ ਹੈ? ਵਰਨਣ ਕਰੋ।
9. 'ਹੋਰਾਂ ਵਾਂਗੂ' ਗ਼ਜ਼ਲ ਕਿਹੜੇ ਵਿਚਾਰਾਂ ਦੀ ਤਰਜ਼ਮਾਨੀ ਕਰਦੀ ਹੈ? ਸਪੱਸ਼ਟ ਕਰੋ।
10. 'ਗ਼ਰੀਬ ਕਿਰਸਾਣ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।
11. 'ਆਪਣੀ ਜਾਚੇ' ਗ਼ਜ਼ਲ ਵਿੱਚ ਆਏ ਵਿਚਾਰਾਂ ਨੂੰ ਸਪੱਸ਼ਟ ਕਰੋ।
12. 'ਆਇਆ ਨੰਦ ਕਿਸ਼ੋਰ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

21.
1. 'ਚੜ੍ਹ ਚੱਕ ਤੇ ਪ੍ਰਾਣੀਆਂ' ਕਵਿਤਾ ਕਿਹੜੇ ਵਿਚਾਰਾਂ ਦੀ ਤਰਜ਼ਮਾਨੀ ਕਰਦੀ ਹੈ?
2. 'ਇਨਸਾਨਸਤਾਨ' ਕਵਿਤਾ ਦਾ ਕੇਂਦਰੀ ਭਾਵ ਲਿਖੋ।
3. 'ਅਰਜ਼ੀ ਦੀਵਾਨੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।
4. 'ਮੇਰੇ ਗੀਤ' ਕਵਿਤਾ ਦਾ ਕੇਂਦਰੀ ਭਾਵ ਲਿਖੋ।
5. 'ਧਰਤੀ ਦੇ ਬੋਲ' ਕਵਿਤਾ ਵਿਚਲੇ ਭਾਵਾਂ ਨੂੰ ਸਪੱਸ਼ਟ ਕਰੋ।
6. 'ਹਾਣੀਆਂ' ਗੀਤ ਦਾ ਕੇਂਦਰੀ ਭਾਵ ਲਿਖੋ।
7. 'ਮੁਰਗਿਆਂ ਦੇ ਰਸਤੇ ਤੇ' ਕਵਿਤਾ 'ਚ ਆਏ ਭਾਵਾਂ ਦੀ ਸੰਖੇਪ ਚਰਚਾ ਕਰੋ।
8. 'ਖੜਾ ਸਾਦੀਕਨ' ਕਵਿਤਾ ਦਾ ਕੇਂਦਰੀ ਭਾਵ ਲਿਖੋ।
9. 'ਆਪਣੀ ਜਾਚੇ' ਗ਼ਜ਼ਲ ਵਿਚ ਪੇਸ਼ ਹੋਏ ਵਿਚਾਰਾਂ ਨੂੰ ਸੰਖੇਪ 'ਚ ਲਿਖੋ।
10. 'ਗ਼ਰੀਬ ਕਿਰਸਾਣ' ਕਵਿਤਾ ਵਿੱਚ ਕਵੀ ਕਿਹੜੀਆਂ ਗੱਲਾਂ ਉੱਪਰ ਜ਼ਿਆਦਾ ਜ਼ੋਰ ਦਿੰਦਾ ਹੈ?
11. 'ਦੁਸ਼ਮਣੀ ਦੀ ਦਾਸਤਾਨ' ਕਵਿਤਾ ਕਿਹੜੀ ਦਾਸਤਾਨ ਦੀ ਗੱਲ ਕਰਦੀ ਹੈ?
12. ਇਨਸਾਨਸਤਾਨ ਨੂੰ ਕਿਹੜੀ ਗੱਲ ਸਮਝ ਨਹੀਂ ਆਉਂਦੀ? ਬਿਆਨ ਕਰੋ।

22.
1. 'ਟਪਕੀ ਤਾਂ ਸਰਕ ਪੌੜੀ' ਕਹਾਣੀ ਦਾ ਸੰਖੇਪ ਸਾਰ ਲਿਖੋ।
2. 'ਆਪਣਾ-ਆਪਣਾ ਹਿੱਸਾ' ਕਹਾਣੀ 'ਚ ਆਏ ਵਿਚਾਰਾਂ ਨੂੰ ਸੰਖੇਪ 'ਚ ਬਿਆਨ ਕਰੋ।
3. 'ਸੱਚ ਦੀ ਜ਼ੁਬਾਨ ਹੈ' ਕਹਾਣੀ ਕਿਹੜੇ ਵਿਚਾਰਾਂ ਦੀ ਤਰਜਮਾਨੀ ਕਰਦੀ ਹੈ?
4. 'ਸੋਨ-ਪਾਣੀ' ਕਹਾਣੀ ਦਾ ਸੰਖੇਪ ਸਾਰ ਲਿਖੋ।
5. 'ਫੈਟੇ' ਦਾ ਪਾਤਰ ਚਿਤਰਨ ਸੰਖੇਪ 'ਚ ਕਰੋ।
6. 'ਮਦਨ' ਦੀ ਪਾਤਰ ਉਸਾਰੀ ਕਰੋ।
7. 'ਬਚਨੋ' ਦੀ ਪਾਤਰ ਉਸਾਰੀ ਕਰੋ।
8. 'ਸੈਤੀ' ਦੀ ਸ਼ਖ਼ਸੀਅਤ ਦੇ ਉੱਘੜਦੇ ਗੁਣ ਦੱਸੋ।
9. 'ਬਿੱਕਰ' ਦੇ ਪਾਤਰ ਉੱਪਰ ਸੰਖੇਪ ਨੋਟ ਲਿਖੋ।
10. 'ਮਨਜੀਤ' ਦੇ ਪਾਤਰ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿਓ।
11. "ਮੈਨੂੰ ਜਾਣਦੈਂ" ਕਹਾਣੀ ਦੇ ਮੈਂ ਪਾਤਰ ਬਾਰੇ ਸੰਖੇਪ 'ਚ ਚਰਚਾ ਕਰੋ।
12. 'ਦੇਬੂ' ਦੇ ਪਾਤਰ ਦੀ ਸ਼ਖ਼ਸੀਅਤ ਦੇ ਉੱਘੜਦੇ ਲੱਛਣ ਦੱਸੋ।

23. ~~[illegible]~~ ਹੇਠ ਲਿਖੇ ਸਿਰਲੇਖ ਅਨੁਸਾਰ ਕਹਾਣੀ ਰਚਨਾ ਕਰੋ:
1. ਸ਼ੇਰ ਤੇ ਚੂਹਾ
2. ਲਾਲਚੀ ਕੁੱਤਾ
3. ਘੁੱਗੀ ਤੇ ਸ਼ਹਿਦ ਦੀ ਮੱਖੀ
4. ਲਾਲਚੀ ਬੁੱਢੀ
5. ਖਰਗੋਸ਼ ਤੇ ਕੱਛੂ
6. ਲਾਲਚ ਬੁਰੀ ਬਲਾ ਹੈ
7. ਹੱਥ ਨਾ ਅੱਪੜੇ ਥੂਹ ਕੌੜੀ
8. ਫਲ ਨੀਵੇਂ ਰੁੱਖਾਂ ਨੂੰ ਲਗਦੇ
9. ਇਮਾਨਦਾਰ ਲੱਕੜਹਾਰਾ
10. ਕਾਂ ਦਾ ਦਿਮਾਗ਼
11. ਬਾਂਦਰ ਤੇ ਬਿੱਲੀ
12. ਕਾਂ ਅਤੇ ਚਿੜੀ

# ਖੰਡ-ਸ

5×1=5

~~ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇੱਕ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਦਿਓ:~~

ਜਿਸ ਦਰਵੇਸ਼ ਬਣ ਰਸ ਪੀਤਾ,
ਪਹੁੰਚਿਆ ਦੁਆਰੇ ਫਿਰਿਆ।
ਦਰ ਦਰ ਦੇ ਟੁਕ ਮੰਗ ਮੰਗ ਖਾਧੇ,
ਤੁੰਨ ਤੁੰਨ ਕੇ ਢਿਡ ਭਰਿਆ।
ਭਰਿਆ ਦੇਖ ਅਫਰਿਆ ਮੈਂ ਜਾਂ,
ਜਾਣਾਂ ਪੰਡਤ ਹੋਯਾ,
ਫਿਰੇ ਨਾ ਪੈਰ ਜ਼ਿਮੀ ਤੇ ਮੇਰਾ,
ਉੱਚਾ ਹੋ ਹੋ ਟੁਰਿਆ॥

(ੳ) ਉਪਰੋਕਤ ਕਾਵਿ-ਟੋਟੇ ਦਾ ਪ੍ਰਸੰਗ ਲਿਖੋ।
(ਅ) ਉਪਰੋਕਤ ਕਾਵਿ-ਟੋਟੇ ਦੀ ਸਰਲ ਵਿਆਖਿਆ ਕਰੋ।
(ੲ) ਇਹ ਕਾਵਿ-ਟੋਟਾ ਕਿਸ ਵੱਲ ਇਸ਼ਾਰਾ ਕਰਦਾ ਹੈ?
(ਸ) 'ਮੈਂ' ਕਿਉਂ ਆਫ਼ਰ ਗਿਆ ਸੀ?
(ਹ) ਔਖੇ ਸ਼ਬਦਾਂ ਦੇ ਅਰਥ ਲਿਖੋ:
ਦਰ, ਦਰਵੇਸ਼, ਪੰਡਤ, ਜ਼ਿਮੀ

ਜਾਂ

ਹਲ, ਸੁਹਾਗੇ, ਗੋਡੀਆਂ, (ਤੇਰੇ) ਸਿਰ 'ਤੇ ਰਹਿਣ ਸਵਾਰ,
ਪੱਕੇ ਤੇਰੇ ਪੈ ਗਈ, ਪਸ਼ੂਆਂ ਵਾਲੀ ਕਾਰ।
ਰਾਤੀਂ ਆ ਘਰੇਂ ਟੁੱਟ ਕੇ, ਚਾੜ੍ਹੇ ਨੀਂਦ ਖ਼ੁਮਾਰ,
ਕੁੱਕੜ ਬਾਂਗੇ ਫੇਰ ਤੂੰ, ਓਸੇ ਤਰ੍ਹਾਂ ਤਿਆਰ।

(ੳ) ਉਪਰੋਕਤ ਕਾਵਿ-ਟੋਟੇ ਦਾ ਪ੍ਰਸੰਗ ਲਿਖੋ।
(ਅ) ਉਪਰੋਕਤ ਕਾਵਿ-ਟੋਟੇ ਦੀ ਸਰਲ ਵਿਆਖਿਆ ਕਰੋ।
(ੲ) ਇਸ ਕਾਵਿ-ਟੋਟੇ ਵਿੱਚ ਕਿਸ ਵੱਲ ਇਸ਼ਾਰਾ ਕੀਤਾ ਗਿਆ ਹੈ?
(ਸ) 'ਕੁੱਕੜ ਦੀ ਬਾਂਗ' ਸੁਣਦੇ ਕਿਸਾਨ ਕਿੱਥੇ ਜਾਣ ਲਈ ਤਿਆਰ ਹੋ ਜਾਂਦਾ ਹੈ?
(ਹ) ਔਖੇ ਸ਼ਬਦਾਂ ਦੇ ਅਰਥ ਲਿਖੋ:
ਕਾਰ, ਖ਼ੁਮਾਰ, ਸਵਾਰ, ਗੋਡੀ

ਮੈਂ ਪੰਜਾਬੀ, ਪੰਜਾਬ ਦਾ ਰਹਿਣ ਵਾਲਾ,
ਹਾਂ ਮੈਂ ਪੋਠੂ ਪਰ ਸ਼ਾਇਰੀ ਦੇ ਢੰਗ ਦਾ ਹਾਂ।
ਸਮਝਾਂ ਫ਼ਾਰਸੀ, ਉਰਦੂ ਵੀ ਖੂਬ ਬੋਲਾਂ,
ਬੋਲੀ ਵਾਹਰੀ ਅੰਗਰੇਜ਼ੀ ਵੀ ਅੰਗਦਾ ਹਾਂ।
ਮੋਤੀ ਜਿਵੇਂ ਸੁਹਾਗਣ ਦੀ ਨੱਥ ਦਾ ਮੈਂ,
ਦੁਰਲਾ ਜਿਵੇਂ ਪੰਜਾਬਣ ਦੀ ਵੰਗ ਦਾ ਹਾਂ।

(ੳ) ਉਪਰੋਕਤ ਕਾਵਿ-ਸਤਰਾਂ ਦਾ ਪ੍ਰਸੰਗ ਲਿਖੋ।
(ਅ) ਉਪਰੋਕਤ ਕਾਵਿ-ਸਤਰਾਂ ਦੀ ਸਰਲ ਵਿਆਖਿਆ ਕਰੋ।
(ੲ) ਕਵੀ ਆਪਣੇ ਆਪ ਨੂੰ ਕਿਸਦਾ ਦੁਰਲਾ ਮੰਨਦਾ ਹੈ?
(ਸ) ਕਵੀ ਕਿੱਥੋਂ ਦਾ ਰਹਿਣ ਵਾਲਾ ਹੈ?
(ਹ) ਔਖੇ ਸ਼ਬਦਾਂ ਦੇ ਅਰਥ ਲਿਖੋ:
ਪੋਠੂ, ਸੁਹਾਗਣ, ਨੱਥ, ਦੁਰਲਾ

ਜਾਂ

ਜਾਂ ਇਹ ਬੇੜੀਆਂ ਤਾਰੀਆਂ ਨੂਰ ਦੀਆਂ,
ਸ਼ਰਤਾਂ ਲਾ ਸ਼ਰਧਾਲੂਆਂ ਲਾਹੀਆਂ ਨੇ।
ਜਾਂ ਇਹ ਜਲ ਨਹੀਂ, ਸ਼ੀਸ਼ੇ ਦੀ ਰੇਤ ਵਿੱਚੋਂ,
ਛਾਤ ਪਾਣੀ ਦੇ ਸਵਰਗੀ ਨਜ਼ਾਰਿਆਂ ਨੇ।

(ੳ) ਉਪਰੋਕਤ ਕਾਵਿ-ਸਤਰਾਂ ਦਾ ਪ੍ਰਸੰਗ ਲਿਖੋ।
(ਅ) ਉਪਰੋਕਤ ਕਾਵਿ-ਸਤਰਾਂ ਦੀ ਸਰਲ ਵਿਆਖਿਆ ਕਰੋ।
(ੲ) ਸ਼ਰਧਾਲੂਆਂ ਨੇ ਕਿਸ ਚੀਜ਼ ਦੀਆਂ ਬੇੜੀਆਂ ਤਾਰੀਆਂ ਹਨ?
(ਸ) ਸ਼ੀਸ਼ੇ ਦੀ ਰੇਤ ਵਿੱਚੋਂ ਕੀ ਹੋ ਰਿਹਾ ਹੈ?
(ਹ) ਔਖੇ ਸ਼ਬਦਾਂ ਦੇ ਅਰਥ ਲਿਖੋ:
ਨੂਰ, ਜਲ, ਰੇਤ, ਛਾਤ

ਸਾਡੇ ਪਿਆਰ ਵਿੱਚ ਤੇਰੇ ਗਲ਼ ਚੀਥੜੇ ਨੀ,
ਮੇਰੀਏ ਜੁਆਨ ਕਣਕੇ।
ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿੱਚੋਂ ਨਿਕਲੇਂ,
ਤੂੰ ਸੋਨੇ ਦਾ ਪਟੋਲਾ ਬਣ ਕੇ।
ਤੂੰ ਵੀ ਬਣ ਗਿਆ ਗਮਾਂ ਦਾ ਗੁਮੰਤਰੀ,
ਓ! ਮੇਰੇ ਬੇ-ਜ਼ਬਾਨ ਢੱਗਿਆ।

(ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਬਿਆਨ ਕਰੋ।
(ਅ) ਉਪਰੋਕਤ ਕਾਵਿ-ਬੰਦ ਦੀ ਵਿਆਖਿਆ ਕਰੋ।
(ੲ) ਸੋਨੇ ਦਾ ਪਟੋਲਾ ਕਿਸ ਗੱਲ ਵੱਲ ਇਸ਼ਾਰਾ ਹੈ?
(ਸ) ਇਹਨਾਂ ਸਤਰਾਂ 'ਚ ਕਿਸ ਵਿਚਾਰਧਾਰਾ ਦਾ ਸੰਕੇਤ ਮਿਲਦਾ ਹੈ?
(ਹ) ਔਖੇ ਸ਼ਬਦਾਂ ਦੇ ਅਰਥ ਦੱਸੋ:
ਚੀਥੜੇ, ਸ਼ਾਹ, ਗਮ, ਢੱਗਾ

ਜਾਂ

ਵਿਗੜ ਗਿਆ ਏ ਮੌਸਮ ਦਾ ਮਿਜ਼ਾਜ਼!
ਨਹੀਂ ਲਗਦੀ ਝੜੀ ਹੁਣ ਸਾਵਣ ਦੀ।
ਟਿਕ ਗਈ ਹੈ ਭਾਦਰੋਂ ਦੀ ਔੜ,
ਸਾਰੇ ਚੌਮਾਸੇ ਵਿੱਚ।

(ੳ) ਉਪਰੋਕਤ ਕਾਵਿ-ਸਤਰਾਂ ਦਾ ਪ੍ਰਸੰਗ ਲਿਖੋ।
(ਅ) ਉਪਰੋਕਤ ਕਾਵਿ-ਸਤਰਾਂ ਦੀ ਵਿਆਖਿਆ ਕਰੋ।
(ੲ) ਇਹ ਸਤਰਾਂ ਕਿਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ?
(ਸ) ਭਾਦਰੋਂ ਦੀ ਔੜ ਚੌਮਾਸੇ 'ਚ ਕਿਉਂ ਟਿਕ ਗਈ ਹੈ?
(ਹ) ਔਖੇ ਸ਼ਬਦਾਂ ਦੇ ਅਰਥ ਦੱਸੋ:
ਮਿਜ਼ਾਜ਼, ਝੜੀ, ਔੜ, ਚੌਮਾਸਾ

ਪੱਗ ਨਾਲ ਚੁੰਨੀ ਵਿਹੜਾ ਰਲ ਮਿਲ ਮਹਿਕਦਾ।
ਧੀਆਂ ਬਿਨਾਂ ਘਰ ਵੀ ਸਲੀਕੇ ਦੇ ਨਹੀਂ ਮਹਿਕਦਾ।
ਸਾਂਝ ਦੀਆਂ ਤੰਦਾਂ ਸਦਾ ਰੱਖਣੀ ਨੇ ਜੋੜੀਆਂ।
ਵੰਡਿਆ ਕਰੋ ਜੀ, ਤੁਸੀਂ, ਧੀਆਂ ਦੀਆਂ ਲੋਹੜੀਆਂ।

(ੳ) ਉਪਰੋਕਤ ਕਾਵਿ-ਸਤਰਾਂ ਦਾ ਪ੍ਰਸੰਗ ਬਿਆਨ ਕਰੋ।
(ਅ) ਉਪਰੋਕਤ ਕਾਵਿ-ਸਤਰਾਂ ਦੀ ਵਿਆਖਿਆ ਕਰੋ।
(ੲ) ਉਪਰੋਕਤ ਕਾਵਿ-ਸਤਰਾਂ ਕਿਸ ਵੱਲ ਇੰਗਤ ਹਨ?
(ਸ) 'ਪੱਗ ਨਾਲ ਚੁੰਨੀ ਵਿਹੜਾ ਰਲ ਮਿਲ ਮਹਿਕਦਾ' ਤੁਕਾਂ ~~ਕਿਸ~~ ਕਿਸ ਗੱਲ ਦੀ ਤਰਜਮਾਨੀ ਕਰਦੀਆਂ ਹਨ?
(ਹ) ਔਖੇ ਸ਼ਬਦਾਂ ਦੇ ਅਰਥ ਦੱਸੋ:
ਸਲੀਕਾ, ਮਹਿਕਦਾ, ਤੰਦ, ਸਦਾ

ਜਾਂ

ਆਪਣੀ ਜਾਣੇ ਉਹ ਤਾਂ ਡੁੱਬੇ ਘਰ ਜਾਂਦਾ ਹੈ।
ਵਿੱਚ ਸਮੁੰਦਰ ਜਾ ਕੇ ਦਰਿਆ ਮਰ ਜਾਂਦਾ ਹੈ।
ਗਰਦਨ ਉੱਚੀ ਰੱਖਣ ਦਾ ਮੁੱਲ ਤਾਰ ਗਏ ਜੋ,
ਬੇਸ਼ਰਮਾਂ ਦਾ ਜੀਵੀਂ ਆ ਕੇ ਸਰ ਜਾਂਦਾ ਹੈ।
ਮਾਂ ਬੋਲੀ, ਮਾਂ ਜਣਨੀ, ਧਰਤੀ ਮਾਤਾ ਕੋਲੋਂ,
ਟੁੱਟ ਕੇ ਬੰਦਾ, ਮਰਦਾ-ਮਰਦਾ ਮਰ ਜਾਂਦਾ ਹੈ।

(ੳ) ਉਪਰੋਕਤ ਕਾਵਿ-ਸਤਰਾਂ ਦਾ ਪ੍ਰਸੰਗ ਬਿਆਨ ਕਰੋ।
(ਅ) ਉਪਰੋਕਤ ਕਾਵਿ-ਸਤਰਾਂ ਦੀ ਵਿਆਖਿਆ ਕਰੋ।
(ੲ) ਕਿਸ ਕੋਲੋਂ ਟੁੱਟ ਕੇ ਬੰਦਾ ਮਰ ਜਾਂਦਾ ਹੈ?
(ਸ) ਕਿਨ੍ਹਾਂ ਦਾ ਜੀਵੀਂ ਆ ਕੇ ਸਰ ਜਾਂਦਾ ਹੈ?
(ਹ) ਔਖੇ ਸ਼ਬਦਾਂ ਦੇ ਅਰਥ ਲਿਖੋ:
ਗਰਦਨ, ਮੁੱਲ, ਬੇਸ਼ਰਮ, ਜਣਨੀ

ਤੈ ਅਤਲਸ, ਅਡੋਲਸ, ਅਛੋਲਸ ਪਟੀ.
ਫਿਰ ਤੇਰੀ ਨਾਲ ਪਰੀਤ ਕਰੀ,
ਸ਼ਨਗਾਰ ਉੱਤੇ ਆਣ ਨਾਲ,
ਫਿਰ ਦਹਿੰਦੇ ਦੇ ਇਸਦਾਣ ਨਾਲ,
ਸਭ ਸਾਲੇ ਤੇਰੇ ਦੂਰ ਹੋਏ,
ਫਿਰ ਸੁੰਞੇ ਨੂਰੋ-ਨੂਰ ਹੋਏ।

(ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।
(ਅ) ਉਪਰੋਕਤ ਕਾਵਿ-ਬੰਦ ਵਿੱਚ ਆਏ ਵਿਚਾਰਾਂ ਦੀ ਤਰਜ਼ਮਾਨੀ ਕਰੋ।
(ੲ) ਸ਼ਨਗਾਰ ਉੱਤੇ ਚੀਰਾ ਫਾਲਣ ਨਾਲ ਕੀ ਹੋ ਗਿਆ?
(ਸ) ਉਪਰੋਕਤ ਕਾਵਿ-ਬੰਦ ਕਿਸ ਗੱਲ ਵੱਲ ਇਸ਼ਾਰਾ ਕਰਦਾ ਹੈ?
(ਹ) ਔਖੇ ਸ਼ਬਦਾਂ ਦੇ ਅਰਥ ਲਿਖੋ:
ਸਾਲੇ, ਫਿਰ, ਪਰੀਤ, ਅਤਲਸ

ਜਾਂ

ਇਹ ਗੀਤ ਨਾ ਕਿਸੇ ਸ਼ਜ਼ਾਦੀ ਦੇ,
ਨਾ ਹੁਸਨ ਇਸ਼ਕ ਦੀ ਵਾਦੀ ਦੇ,
ਇਹ ਤਾਂ ਨਗ਼ਮੇ ਹਨ ਫ਼ਰਿਆਦੀ ਦੇ,
ਦਿਲ ਬਾਗ਼ੀਆਂ ਨੂੰ ਤੜਪਾਉਣ ਗੀਤ।

(ੳ) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।
(ਅ) ਉਪਰੋਕਤ ਕਾਵਿ-ਬੰਦ ਵਿੱਚ ਆਏ ਵਿਚਾਰਾਂ ਦੀ ਵਿਆਖਿਆ ਕਰੋ।
(ੲ) ਇਹ ਸਤਰਾਂ ਕਿਹੜੀ ਵਿਚਾਰਧਾਰਾ ਵੱਲ ਇਸ਼ਾਰਾ ਕਰਦੀਆਂ ਹਨ?
(ਸ) 'ਇਹ ਗੀਤ ਨਾ ਕਿਸੇ ਸ਼ਜ਼ਾਦੀ ਦੇ' ਤੁਕ ਤੋਂ ਕੀ ਭਾਵ ਹੈ?
(ਹ) ਔਖੇ ਸ਼ਬਦਾਂ ਦੇ ਅਰਥ ਲਿਖੋ:
ਸ਼ਜ਼ਾਦੀ, ਵਾਦੀ, ਨਗ਼ਮਾ, ਫ਼ਰਿਆਦੀ

ਸਭ ਤੋਂ ਖ਼ਤਰਨਾਕ ਉਹ ਗੀਤ ਹੁੰਦਾ ਹੈ,
ਤੁਹਾਡੇ ਕੰਨਾਂ ਤੱਕ ਪਹੁੰਚਣ ਲਈ,
ਜਿਹੜਾ ਕੀਰਨਾ ਉਲੰਘਦਾ ਹੈ,
ਡਰੇ ਹੋਏ ਲੋਕਾਂ ਦੇ ਬਾਰ ਮੂਹਰੇ,
ਜੋ ਫੈਲੀ ਦੀ ਖੰਘ ਖੰਘਦਾ ਹੈ।

(ੳ) ਉਪਰੋਕਤ ਕਾਵਿ-ਸਤਰਾਂ ਦਾ ਪ੍ਰਸੰਗ ਲਿਖੋ।
(ਅ) ਉਪਰੋਕਤ ਕਾਵਿ-ਸਤਰਾਂ ਦਾ ਭਾਵ ਸਪੱਸ਼ਟ ਕਰੋ।
(ੲ) ਗੀਤ ਡਰੇ ਹੋਏ ਲੋਕਾਂ ਦੇ ਬਾਰ ਮੂਹਰੇ ਕੀ ਕਰਦਾ ਹੈ?
(ਸ) ਸਭ ਤੋਂ ਖ਼ਤਰਨਾਕ ਗੀਤ ਕਿਹੜਾ ਹੁੰਦਾ ਹੈ?
(ਹ) ਔਖੇ ਸ਼ਬਦਾਂ ਦੇ ਅਰਥ ਦੱਸੋ:
ਖ਼ਤਰਨਾਕ, ਬਾਰ, ਫੈਲੀ, ਕੀਰਨਾ

ਜਾਂ

ਵੈਰ ਭਾਵ ਅਤੇ ਸਾੜੇ ਮੁੱਕ ਜਾਣਗੇ
ਮਜ਼ਹਬਾਂ ਦੇ ਵੱਟਾਂ ਬੰਨੇ ਟੁੱਟ ਜਾਣਗੇ
ਦੁਨੀਆਂ 'ਤੇ ਇੱਕੋ ਹੀ ਜਮਾਤ ਹੋਵੇਗੀ
ਰੋਜ਼ ਹੀ ਦਿਵਾਲੀ ਵਾਲੀ ਰਾਤ ਹੋਵੇਗੀ

(ੳ) ਉਪਰੋਕਤ ਕਾਵਿ-ਸਤਰਾਂ ਦਾ ਪ੍ਰਸੰਗ ਲਿਖੋ।
(ਅ) ਉਪਰੋਕਤ ਕਾਵਿ-ਸਤਰਾਂ ਦੀ ਸਰਲ ਵਿਆਖਿਆ ਕਰੋ।
(ੲ) ਕਵੀ ਦੁਨੀਆਂ ਉੱਪਰ ਕਿਹੜੀ ਜਮਾਤ ਦੀ ਗੱਲ ਕਰਦਾ ਹੈ?
(ਸ) 'ਮਜ਼ਹਬਾਂ ਦੇ ਵੱਟਾਂ ਬੰਨੇ ਟੁੱਟ ਜਾਣਗੇ' ਤੁਕ ਕਿਸ ਪ੍ਰਸੰਗ 'ਚ ਵਰਤੀ ਗਈ ਹੈ?
(ਹ) ਔਖੇ ਸ਼ਬਦਾ ਦੇ ਅਰਥ ਦੱਸੋ:
ਦੁਨੀਆਂ, ਜਮਾਤ, ਬੰਨਾ, ਮਜ਼ਹਬ

5 ਹੇਠ ਲਿਖੇ ਕਿਸੇ ਇੱਕ ਪੈਰ੍ਹੇ ਨਾਲ ਸੰਬੰਧਿਤ ਪ੍ਰਸ਼ਨਾਂ ਦੇ ਉੱਤਰ ਦਿਓ: 5×1 = 5

1: ਸ਼ਾਮ ਦੀ ਸੈਰ ਵੀ ਕਿੰਨੀ ਸੁਹਾਵਣੀ, ਲੁਭਾਵਣੀ ਤੇ ਮਨਭਾਵਕ-ਦਿਲਚਸਪ ਹੁੰਦੀ ਹੈ। ਸਾਰੇ ਦਿਨ ਦੀ ਲਗਾਤਾਰ ਨਾਲ ਤਨ ਮਨ ਦੇ ਥੱਕੇ ਹੋਏ ਰੱਖੜੇ ਸ਼ਾਮ ਦੇ ਸ਼ਗਨ ਨਾਲ ਤਰੋਤਾਜ਼ਾ ਹੋ ਜਾਂਦੇ ਹਨ, ਦਿਮਾਗ ਉੱਜਲ ਹੋ ਜਾਂਦਾ ਹੈ, ਥੱਕੀ ਕਿਰਮਨ ਹੋ ਜਾਂਦੀ ਹੈ। ਇੰਜ ਜਾਪਦਾ ਹੈ ਜਿਵੇਂ ਇਹ ਸੈਰ ਨਹੀਂ, ਤੁਰਦੀ ਫਿਰਦੀ ਦਰਮਾਨ ਹੋਵੇ। ਸ਼ਾਮ ਦੀ ਸੈਰ ਸਾਨੂੰ ਹਲਕਾ-ਫੁਲਕਾ ਕਰ ਦਿੰਦੀ ਹੈ, ਦਿਨ ਦੀ ਥਕਾਨ ਲਾਹੁੰਦੀ ਹੈ ਤੇ ਪੈਣ ਵਾਲੀ ਰਾਤ ਲਈ ਸੁਖਾਵਨ ਤਿਆਰ ਕਰਦੀ ਹੈ।

1. ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਓ।
2. ਸ਼ਾਮ ਦੀ ਸੈਰ ਨਾਲ ਕੀ ਉੱਜਲ ਹੋ ਜਾਂਦਾ ਹੈ?
3. ਸ਼ਾਮ ਦੀ ਸੈਰ ਦਾ ਥੱਕੀ ਉੱਪਰ ਕੀ ਪ੍ਰਭਾਵ ਪੈਂਦਾ ਹੈ?
4. ਪੈਣ ਵਾਲੀ ਰਾਤ ਲਈ ਸੁਖਾਵਨ ਕੌਣ ਤਿਆਰ ਕਰਦਾ ਹੈ?
5. ਔਖੇ ਸ਼ਬਦਾਂ ਦੇ ਅਰਥ ਲਿਖੋ:
ਤਨ, ਉੱਜਲ, ਥੱਕੀ, ਦਰਮਾਨ

2: ਭਾਰਤ ਵਿੱਚ ਦਾਜ-ਪ੍ਰਥਾ ਬਹੁਤ ਪੁਰਾਣੀ ਹੈ। ਲੜਕਾ ਮਾਪਿਆਂ ਦੀ ਜਾਇਦਾਦ ਦਾ ਵਾਰਸ ਬਣਦਾ ਸੀ, ਇਸ ਲਈ ਮਾਪੇ ਲੜਕੀ ਨੂੰ ਉਸਦੇ ਵਿਆਹ ਉੱਤੇ ਨਿੱਤ-ਵਰਤੋਂ ਦੀਆਂ ਲੋੜੀਂਦੀਆਂ ਵਸਤਾਂ ਅਤੇ ਨਕਦੀ ਆਪਣੇ ਜਾਇਦਾਦ ਦੇ ਹਿੱਸੇ ਵਜੋਂ ਦਿੰਦੇ ਸਨ। ਇਹ ਚੀਜ਼ਾਂ-ਵਸਤਾਂ ਮਾਪੇ, ਲੜਕੀ ਦੇ ਜਨਮ ਤੋਂ ਹੀ ਬਣਾਉਣੀਆਂ ਸ਼ੁਰੂ ਕਰ ਦਿੰਦੇ ਸਨ। ਬੱਚੀ ਦੇ ਮਾਪਿਆਂ ਉੱਪਰ ਵਿਆਹ ਦਾ ਬੋਝ ਜ਼ਰੂਰ ਬਣਿਆ ਰਹਿੰਦਾ ਸੀ ਪਰ ਲੜਕੇ ਵਾਲਿਆਂ ਵੱਲੋਂ ਕੋਈ ਸੌਦੇਬਾਜ਼ੀ ਨਹੀਂ ਸੀ ਕੀਤੀ ਜਾਂਦੀ। ਪਰੰਤੂ ਅੱਜ-ਕੱਲ੍ਹ ਸਾਰਾ ਕੁੱਝ ਉਲਟ ਹੋ ਗਿਆ ਹੈ। ਭਾਰਤੀ ਸੰਵਿਧਾਨ ਨੇ ਭਾਵੇਂ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਦਿੱਤਾ ਹੋਇਆ ਹੈ ਪਰੰਤੂ ਦਾਜ ਦੀ ਲਾਹਨਤ ਕਾਰਨ ਔਰਤ ਜਿੱਥੇ ਸੀ, ~~[illegible]~~ ਉੱਥੇ ਹੀ ਹੈ।

1. ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।
2. ਭਾਰਤ ਵਿੱਚ ਕਿਹੜੀ ਪ੍ਰਥਾ ਬਹੁਤ ਪੁਰਾਣੀ ਹੈ?
3 ਮਾਪਿਆਂ ਦੀ ਜਾਇਦਾਦ ਦਾ ਵਾਰਸ ਕੌਣ ਬਣਦਾ ਸੀ?
4 ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਕਿਸਨੇ ਦਿੱਤਾ ਹੋਇਆ ਹੈ?
5 ਔਖੇ ਸ਼ਬਦਾਂ ਦੇ ਅਰਥ ਲਿਖੋ:
ਵਾਰਸ, ਬੋਝ, ਲਾਹਨਤ, ਮਾਪੇ

3. ਮਹਾਰਾਜਾ ਰਣਜੀਤ ਸਿੰਘ ਦੀ ਬਹਾਦਰੀ ਤੇ ਉਦਾਰਤਾ ਬਾਰੇ ਕੌਣ ਨਹੀਂ ਜਾਣਦਾ। ਪੰਜਾਬ ਵਰਗੇ ਫ਼ਸਾਦਾਂ ਨਾਲ ਭਰਪੂਰ ਦੇਸ਼ ਨੂੰ ਜਿੱਤਣਾ, ਜਿੱਥੇ ਚੱਪੇ-ਚੱਪੇ ਤੇ ਅੱਡ ਰਾਜ ਸੀ ਤੇ ਹਰੇਕ ਆਪਣੇ ਆਪ ਨੂੰ ਤੀਸ ਮਾਰ ਖਾਂ ਸਮਝਦਾ ਸੀ, ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਇਸ ਕਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਵੱਡੀਆਂ-ਵੱਡੀਆਂ ਮੁਹਿੰਮਾਂ ਪੈਂਦੀਆਂ ਪਈਆਂ ਪਰ ਉਹ ਸ਼ੇਰ ਦਿਲ ਕਦੀ ਨਹੀਂ ਘਬਰਾਇਆ। ਔਕੜ ਵੇਲੇ ਅਕਾਲਪੁਰਖ ਅੱਗੇ ਅਰਦਾਸ ਕਰਨੀ ਤੇ ਕਾਰਜ ਸਿੱਧ ਕਰ ਲੈਣੇ।

1. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਓ।
2 ਮਹਾਰਾਜਾ ਰਣਜੀਤ ਸਿੰਘ ਦੀ ਕਿਹੜੀ ਗੱਲ ਪ੍ਰਸਿੱਧ ਸੀ?
3 ਮਹਾਰਾਜਾ ਰਣਜੀਤ ਸਿੰਘ ਔਕੜ ਵੇਲੇ ਕਾਰਜ-ਸਿੱਧੀ ਲਈ ਕੀ ਕਰਦਾ ਸੀ?
4 ਮਹਾਰਾਜਾ ਰਣਜੀਤ ਸਿੰਘ ਨੂੰ ਵੱਡੀਆਂ-ਵੱਡੀਆਂ ਮੁਹਿੰਮਾਂ ਕਿਉਂ ਪੈਂਦੀਆਂ ਪਈਆਂ?
5 ਔਖੇ ਸ਼ਬਦਾਂ ਦੇ ਅਰਥ ਦੱਸੋ:
ਉਦਾਰਤਾ, ਮੁਹਿੰਮ, ਔਕੜ, ਅਰਦਾਸ

4. ਨਜ਼ਰ ਲੱਗਣ ਦੇ ਵਿਸ਼ਵਾਸ ਨੂੰ ਪੰਜਾਬ ਦੇ ਹਰ ਇਲਾਕੇ ਦੇ ਲੋਕਾਂ ਵਿੱਚ ਵੇਖਿਆ ਜਾ ਸਕਦਾ ਹੈ। ਪੰਜਾਬੀ ਲੋਕ-ਜੀਵਨ ਵਿੱਚ ਨਜ਼ਰ ਲੱਗਣ ਤੋਂ ਦੁੱਧ ਤੇ ਪੁੱਤ ਦੋਹਾਂ ਨੂੰ ਹੀ ਬਚਾ ਕੇ ਰੱਖਿਆ ਜਾਂਦਾ ਹੈ। ਪਿੰਡ ਵਿੱਚ ਜੇਕਰ ਓਪਰੇ ਵਿਅਕਤੀ ਨੂੰ ਦੁੱਧ ਜਾਂ ਲੱਸੀ ਦੇਣੀ ਹੋਵੇ ਤਾਂ ਕਾੜ੍ਹਨੀ ਜਾਂ ਲੱਸੀ ਵਾਲੀ ਚਾਟੀ ਅੱਗੇ ਪਰਦਾ ਕਰ ਲਿਆ ਜਾਂਦਾ ਹੈ। ਗਾਂ-ਮੱਝ ਦੀ ਧਾਰ ਕੱਢਣ ਤੋਂ ਬਾਅਦ ਦੁੱਧ ਢਕ ਦਿੱਤਾ ਜਾਂਦਾ ਹੈ। ਬੱਚਿਆਂ ਦੇ ਆਮ ਤੌਰ ਤੇ ਦੋ ਨਾਂ ਰੱਖੇ ਜਾਂਦੇ ਹਨ। ਅਸਲੀ ਨਾਂ ਛੁਪਾ ਕੇ ਰੱਖਿਆ ਜਾਂਦਾ ਹੈ ਤੇ ਉਪਨਾਮ ਦੀ ਹੀ ਬਹੁਤੇ ਵਰਤੋਂ ਕੀਤੀ ਜਾਂਦੀ ਹੈ।

1. ਉਪਰੋਕਤ ਪੈਰ੍ਹੇ ਦਾ ਸਿਰਲੇਖ ਦੱਸੋ।
2. ਪੰਜਾਬ ਦੇ ਹਰ ਇਲਾਕੇ ਦੇ ਲੋਕਾਂ ਵਿੱਚ ਕੀ ਵੇਖਿਆ ਜਾ ਸਕਦਾ ਹੈ?
3. ਗਾਂ-ਮੱਝ ਦੀ ਧਾਰ ਕੱਢ ਕੇ ਕੀ ਕੀਤਾ ਜਾਂਦਾ ਹੈ?
4 ਬੱਚਿਆਂ ਦੇ ਨਾਂ ਬਾਰੇ ਕੀ ਵਿਸ਼ਵਾਸ ਹੈ?
5 ਔਖੇ ਸ਼ਬਦਾਂ ਦੇ ਅਰਥ ਦੱਸੋ:
ਚਾਟੀ, ਓਪਰਾ, ਕਾੜ੍ਹਨੀ, ਪਰਦਾ

5 ਅੰਮ੍ਰਿਤਾ ਪ੍ਰੀਤਮ ਪੰਜਾਬੀ ਦੀ ਉਹ ਸ਼੍ਰੋਮਣੀ ਕਵਿੱਤਰੀ ਹੈ, ਜਿਨ੍ਹਾਂ ਦੀ ਰਚਨਾ ਨੇ ਪੰਜਾਬੀ ਸਾਹਿਤ ਦੇ ਗੌਰਵ ਵਿੱਚ ਅਥਾਹ ਵਾਧਾ ਕੀਤਾ ਹੈ। ਪ੍ਰੋ॰ ਤੇਜਾ ਸਿੰਘ ਨੇ ਉਸ ਨੂੰ 'ਪੰਜਾਬ ਦੀ ਆਵਾਜ਼' ਕਹਿ ਕੇ ਸਤਿਕਾਰਿਆ ਹੈ। ਉਸਨੇ ਇਨਸਾਨੀ ਜਗਤ ਦੇ ਮਜ਼ਲੂਮਾਂ, ਪੀੜਤਾਂ ਅਤੇ ਦੁਖੀਆਂ ਦੀ ਤਰਜਮਾਨੀ ਦਲੇਰੀ ਨਾਲ ਕੀਤੀ ਹੈ। ਉਸਦੇ ਬੋਲਾਂ ਵਿੱਚ ਆਸ਼ਕਾਂ ਦੀ ਸਿੱਕ ਹੈ, ਉਸਦੇ ਰੁਦਨ ਵਿੱਚ ਕਵਿਤਾ ਦੀ ਰੂਹ ਹੈ।

1. ਉਪਰੋਕਤ ਪੈਰ੍ਹੇ ਦਾ ਸਿਰਲੇਖ ਦੱਸੋ।
2. ਪ੍ਰੋ॰ ਤੇਜਾ ਸਿੰਘ ਨੇ ਅੰਮ੍ਰਿਤਾ ਨੂੰ ਕੀ ਕਹਿ ਕੇ ਸਤਿਕਾਰਿਆ ਹੈ?
3. ਅੰਮ੍ਰਿਤਾ ਨੇ ਇਨਸਾਨੀ ਜਗਤ ਦੀ ਕਿਹੜੀ ਤਰਜਮਾਨੀ ਕੀਤੀ ਹੈ?
4. ਅੰਮ੍ਰਿਤਾ ਦੇ ਬੋਲਾਂ ਵਿੱਚ ਕੀ ਹੈ?
5. ਔਖੇ ਸ਼ਬਦਾਂ ਦੇ ਅਰਥ ਦੱਸੋ:
   ਗੌਰਵ, ਸ਼੍ਰੋਮਣੀ, ਰੁਦਨ, ਰੂਹ

6 ਜੇ ਗੁਆਂਢ ਚੰਗਾ ਹੋਵੇ ਤਾਂ ਦੁੱਖ ਵੰਡੇ ਜਾਂਦੇ ਹਨ, ਖੁਸ਼ੀਆਂ ਦੀ ਖੇੜੀ ਚਾਰ ਗੁਣਾਂ ਹੋ ਜਾਂਦੀ ਹੈ। ਰਿਸ਼ਤੇਦਾਰ ਤਾਂ ਚੱਲ ਕੇ ਆਉਣਗੇ ਪਰ ਗੁਆਂਢੀ ਆਵਾਜ਼ ਮਾਰਨ 'ਤੇ ਹਾਜ਼ਰ ਹੋ ਜਾਂਦੇ ਹਨ। ਗੁਆਂਢ ਦੇ ਸਾਥ ਨਾਲ ਦੀ ਕੋਈ ਰੀਸ ਨਹੀਂ। ਆਪਣੇ ਮਿੱਤ ਦੇ ਖੁਸ਼ੀਆਂ-ਗਮਾਂ ਨੂੰ ਗੁਆਂਢੀ ਨਾਲ ਸਾਂਝਿਆਂ ਕਰਕੇ ਉਸ ਨਾਲ ਅਪਣੱਤ ਵਧਾਈ ਜਾ ਸਕਦੀ ਹੈ। ਕਈ ਵਾਰ ਗੁਆਂਢੀ ਨਾਲ ਤਕਰਾਰ ਵੀ ਹੋ ਜਾਂਦੀ ਹੈ ਪਰ ਇਸਨੂੰ ਜਲਦੀ ਹੀ ਮਨ ਵਿੱਚੋਂ ਕੱਢ ਦੇਣਾ ਚਾਹੀਦਾ ਹੈ।

1. ਉਪਰੋਕਤ ਪੈਰ੍ਹੇ ਦਾ ਸਿਰਲੇਖ ਦੱਸੋ।
2. ਗੁਆਂਢ ਚੰਗਾ ਹੋਵੇ ਤਾਂ ਕੀ ਹੋ ਜਾਂਦਾ ਹੈ?
3. ਗੁਆਂਢੀ ਨਾਲ ਅਪਣੱਤ ਕਿਵੇਂ ਵਧਾਈ ਜਾ ਸਕਦੀ ਹੈ?
4. ਕਿਸਨੂੰ ਜਲਦੀ ਹੀ ਮਨ ਵਿੱਚੋਂ ਕੱਢ ਦੇਣਾ ਚਾਹੀਦਾ ਹੈ?
5. ਔਖੇ ਸ਼ਬਦਾਂ ਦੇ ਅਰਥ ਦੱਸੋ:
   ਅਪਣੱਤ, ਤਕਰਾਰ, ਗੁਆਂਢ, ਮਿੱਤ

7 ਜਿਨ੍ਹਾਂ ਲੋਕਾਂ ਨੇ ਆਪਣੇ ਮਨ ਉੱਤੇ ਕਾਬੂ ਪਾਇਆ ਹੋਇਆ ਹੈ, ਉਹਨਾਂ ਨੇ ਜੀਵਨ ਉੱਤੇ ਬੜੇ ਕਾਰਨਾਮੇ ਕਰਕੇ ਵਿਖਾਏ ਹਨ। ਸਾਇੰਸ ਦੀਆਂ ਕਾਢਾਂ ਮਨੁੱਖੀ ਮਨ ਦੇ ਵਿਕਾਸ ਵਿੱਚੋਂ ਪੈਦਾ ਹੋਈਆਂ ਹਨ। ਭਗਤੀ ਤੇ ਤਪੱਸਿਆ ਮਨ ਦੀ ਇਕਾਗਰਤਾ ਨਾਲ ਹੀ ਹੋ ਸਕਦੀ ਹੈ। ਸਾਰੇ ਵਿਗਿਆਨ ਤੇ ਹੁਨਰ ਇਕਾਗਰ ਮਨ ਦੀ ਕਿਰਤ ਹਨ। ਇਸ ਕਰਕੇ ਹੀ ਮਨੁੱਖ ਨੇ ਪ੍ਰਕਿਰਤੀ ਉੱਪਰ ਆਪਣਾ ਰਾਜ ਕਾਇਮ ਕਰ ਲਿਆ ਹੈ। ਮਨ ਨੂੰ ਕਾਬੂ ਵਿੱਚ ਰੱਖਣਾ ਤਰੱਕੀ ਦਾ ਜ਼ਰੂਰ ਹੈ।

1. ਉਪਰੋਕਤ ਪੈਰ੍ਹੇ ਦਾ ਸਿਰਲੇਖ ਲਿਖੋ।
2. ਕਿਨ੍ਹਾਂ ਨੇ ਜੀਵਨ ਉੱਪਰ ਕਾਰਨਾਮੇ ਕਰਕੇ ਵਿਖਾਏ ਹਨ?
3 ਸਾਇੰਸ ਦੀਆਂ ਕਾਢਾਂ ਕਿੱਥੇ ਪੈਦਾ ਹੋਈਆਂ ਹਨ?
4 ਭਗਤੀ ਤੇ ਤਪੱਸਿਆ ਕਿਵੇਂ ਹੋ ਸਕਦੀ ਹੈ?
5 ਔਖੇ ਸ਼ਬਦਾਂ ਦੇ ਅਰਥ ਦੱਸੋ:
ਹੁਨਰ, ਇਕਾਗਰ, ਜ਼ਰੂਰ, ਪ੍ਰਕਿਰਤੀ

8 ਮਨੁੱਖੀ ਦਿਮਾਗ਼ ਨੇ ਕੰਪਿਊਟਰ ਦੀ ਕਾਢ ਕੱਢ ਕੇ ਨਵੇਂ ਦਿਮਾਗ਼ ਦੀ ਸਿਰਜਣਾ ਕਰ ਲਈ ਹੈ ਅਤੇ ਕੰਪਿਊਟਰ ਨੇ ਮਨੁੱਖ ਦੇ ਅਨੇਕਾਂ ਕੰਮ ਕਰ ਦਿੱਤੇ ਹਨ। ਸਿੱਖਿਆ ਦੇ ਖੇਤਰ 'ਚ ਕੰਪਿਊਟਰ ਤੋਂ ਬਿਨਾਂ ਵਿਦਿਆਰਥੀ ਦਾ ਗਿਆਨ ਅਧੂਰਾ ਸਮਝਿਆ ਜਾਂਦਾ ਹੈ। ਸਰਕਾਰੀ ਦਫ਼ਤਰਾਂ ਵਿੱਚ ਵੀ ਕੰਪਿਊਟਰ ਦੀ ਖਾਸ ਅਹਿਮੀਅਤ ਹੈ। ਕੰਪਿਊਟਰ ਕਰਕੇ ਬੱਚਿਆਂ ਤੋਂ ਬਚਪਨ ਦੀਆਂ ਬੇਪਰਵਾਹੀਆਂ ਖੁੱਸ ਗਈਆਂ ਹਨ। ਕੰਪਿਊਟਰ ਨੇ ਬੱਚਿਆਂ ਤੋਂ ਮੈਦਾਨੀ ਖੇਡਾਂ ਵੀ ਖੋਹ ਲਈਆਂ ਹਨ।

1. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।
2 ਨਵੇਂ ਦਿਮਾਗ਼ ਦੀ ਸਿਰਜਣਾ ਕਿਵੇਂ ਕੀਤੀ ਗਈ ਹੈ?
3 ਕੰਪਿਊਟਰ ਨੇ ਬੱਚਿਆਂ ਤੋਂ ਕੀ ਖੋਹ ਲਿਆ ਹੈ?
4 ਕੰਪਿਊਟਰ ਤੋਂ ਬਿਨਾਂ ਕੀ ਅਧੂਰਾ ਹੈ?
5 ਔਖੇ ਸ਼ਬਦਾਂ ਦੇ ਅਰਥ ਦੱਸੋ:
ਕਾਢ, ਸਿਰਜਣਾ, ਗਿਆਨ, ਅਧੂਰਾ

9. ਧਰਮ ਅਤੇ ਸਦਾਚਾਰ ਦੇ ਨੇਮਾਂ ਦੀ ਰਚਨਾ ਇਸ ਲਈ ਹੋਈ ਸੀ ਕਿ ਉਹ ਮਨੁੱਖ ਨੂੰ ਚੰਗੇ-ਤੋਂ-ਚੰਗਾ ਬਣਾਉਂਦੇ ਹਨ। ਮਨੁੱਖ ਆਦਿ ਕਾਲ ਤੋਂ ਹੀ ਕਿਸੇ ਅਦ੍ਰਿਸ਼ਟ ਸ਼ਕਤੀ ਤੋਂ ਡਰਦਾ ਰਿਹਾ ਹੈ। ਕੁਦਰਤੀ ਆਫ਼ਤਾਂ ਉਸਨੂੰ ਹਮੇਸ਼ਾ ਕਮਜ਼ੋਰ ਬਣਾਉਂਦੀਆਂ ਰਹੀਆਂ ਹਨ। ਮਨੁੱਖ ਦੀ ਇਸ ਕਮਜ਼ੋਰੀ ਦਾ ਫ਼ਾਇਦਾ ਧਰਮ ਦੇ ਝੂਠੇ ਠੇਕੇਦਾਰਾਂ ਨੇ ਖ਼ੂਬ ਉਠਾਇਆ। ਜਿੱਥੇ ਸੱਚੇ ਧਰਮ ਸਾਨੂੰ ਚੰਗੇ ਇਨਸਾਨ ਬਣਨ ਦੀ ਪ੍ਰੇਰਨਾ ਦਿੰਦੇ ਹਨ, ਉੱਥੇ ਧਰਮ ਦੇ ਝੂਠੇ ਆਗੂ ਸਾਨੂੰ ਗੁਲਾਮ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਅੱਜ ਕੱਲ੍ਹ ਧਰਮ ਨੂੰ ਰਾਜਨੀਤਿਕ ਮਨੋਰਥਾਂ ਲਈ ਵੀ ਵਰਤਿਆ ਜਾਂਦਾ ਹੈ। ਲੋਕਤੰਤਰ ਲਈ ਧਰਮ ਨੂੰ ਰਾਜਨੀਤੀ ਤੋਂ ਦੂਰ ਰੱਖਣਾ ਬਹੁਤ ਜ਼ਰੂਰੀ ਹੈ। ਇਸਦਾ ਨੁਕਸਾਨ ਆਮ ਲੋਕਾਂ ਨੂੰ ਹੁੰਦਾ ਹੈ।

1. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਓ।
2 ਮਨੁੱਖ ਆਦਿ ਕਾਲ ਤੋਂ ਹੀ ਕਿਸ ਤੋਂ ਡਰਦਾ ਰਿਹਾ ਹੈ?
3 ਸੱਚੇ ਧਰਮ ਸਾਨੂੰ ਕੀ ਪ੍ਰੇਰਨਾ ਦਿੰਦੇ ਹਨ?
4 ਧਰਮ ਦੇ ਝੂਠੇ ਆਗੂ ਕੀ ਕਰਦੇ ਹਨ?
5 ਔਖੇ ਸ਼ਬਦਾਂ ਦੇ ਅਰਥ ਦੱਸੋ:
ਮਨੋਰਥ, ਸਦਾਚਾਰ, ਕੁਦਰਤੀ, ਆਫ਼ਤ

10. ਲੜਾਈ ਦਾ ਮੁੱਢ ਮਨੁੱਖ ਦੇ ਧਰਤੀ ਉੱਪਰ ਆਉਣ ਨਾਲ ਹੀ ਬੱਝ ਗਿਆ। ਪਹਿਲਾਂ ਲੜਾਈ ਦਾ ਮੁੱਖ ਕਾਰਨ ਆਪਣੀ ਮਲਕੀਅਤ ਵਿੱਚ ਵਾਧਾ ਕਰਨਾ ਸੀ। ਬਾਅਦ ਵਿੱਚ ਮਨੁੱਖ ਆਪਣੇ ਧਰਮਾਂ ਦੀ ਖ਼ਾਤਰ ਵੀ ਲੜਨ ਲੱਗਾ। ਭਾਵੇਂ ਧਰਮ ਦੇ ਪੈਗੰਬਰਾਂ ਨੇ ਦੁਨੀਆਂ ਨੂੰ ਆਪਸ ਵਿੱਚ ਮਿਲਕੇ ਰਹਿਣ ਅਤੇ ਸ਼ਾਂਤੀ ਦਾ ਉਪਦੇਸ਼ ਦਿੱਤਾ ਪਰੰਤੂ ਇਸਦੇ ਬਾਵਜੂਦ ਵੀ ਕਈ ਲੜਾਈਆਂ ਧਰਮ ਦੇ ਨਾਂ ਉੱਪਰ ਹੋਈਆਂ। ਦੂਜੇ ਵਿਸ਼ਵ ਯੁੱਧ ਵਿੱਚ ਪਹਿਲੀ ਵਾਰ ਐਟਮੀ ਬੰਬਾਂ ਦੀ ਵਰਤੋਂ ਹੋਈ। ਜਿਸ ਨਾਲ ਜਾਪਾਨ ਦੇ ਦੋ ਸ਼ਹਿਰ ਹੀਰੋਸ਼ੀਮਾ ਅਤੇ ਨਾਗਾਸਾਕੀ ਪੂਰੀ ਤਰ੍ਹਾਂ ਤਬਾਹ ਹੋ ਗਏ।

1. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਓ।
2 ਲੜਾਈ ਦਾ ਮੁੱਢ ਕਦੋਂ ਤੋਂ ਬੱਝਾ?
3 ਧਰਮ ਦੇ ਪੈਗੰਬਰਾਂ ਨੇ ਕੀ ਉਪਦੇਸ਼ ਦਿੱਤਾ?
4 ਐਟਮੀ ਬੰਬਾਂ ਦੀ ਵਰਤੋਂ ਪਹਿਲੀ ਵਾਰ ਕਦੋਂ ਹੋਈ?
5 ਔਖੇ ਸ਼ਬਦਾਂ ਦੇ ਅਰਥ ਦੱਸੋ:
ਮੁੱਢ, ਮਲਕੀਅਤ, ਪੈਗੰਬਰ, ਤਬਾਹ

11 ਰਹਿਨੁਮਾਈ ਤੋਂ ਬਾਂਝੇ ਵਿਦਿਆਰਥੀ ਪ੍ਰੇਸ਼ਾਨ ਹੋਏ ਭਟਕ ਰਹੇ ਹਨ। ਕੋਈ ਸੁੰਦਰ ਵਿੱਦਿਆ-ਨੀਤੀ ਨਹੀਂ, ਕੋਈ ਬਾਕਾਇਦਾ ਯੋਜਨਾ ਨਹੀਂ, ਕੋਈ ਵਿੱਦਿਅਕ ਨਹੀਂ ਜਿਹੜਾ ਵਿਦਿਆਰਥੀਆਂ ਨੂੰ ਸਾਹਮਣੇ ਰੱਖ ਕੇ ਸਮਾਜ ਦੇ ਉਹਨਾਂ ਦੀ ਲੋੜ ਪੂਰੀ ਕਰ ਸਕੇ ਤੇ ਉਹਨਾਂ ਦਾ ਭਰੋਸਾ ਜਿੱਤ ਸਕੇ। ਵਿਦਿਆਰਥੀ ਕੋਈ ਸਿਆਸੀ ਜਮਾਤ ਨਹੀਂ। ਇਹ ਨੌਜਵਾਨ ਭਵਿੱਖ ਦੀ ਜ਼ਿੰਦਗੀ ਦੇ ਆਧਾਰ ਹਨ। ਇਹਨਾਂ ਦੀ ਆਤਮਾ ਆਪਣਾ ਭਵਿੱਖ ਸੁਪਨਾ ਹਮੇਸ਼ਾ ਕਈ ਵਾਰ ਚਿਤਵਨ ਤੇ ਉਹਦੀ ਕੋਈ ਸ਼ਰਾਰਤੀ ਤੱਤ ਇਹਨਾਂ ਦੀ ਮਜਬੂਰੀ ਦਾ ਫ਼ਾਇਦਾ ਉਠਾਉਂਦੇ ਦੇਖੇ ਜਾ ਸਕਦੇ ਹਨ।

1. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਓ।
2 ਵਿਦਿਆਰਥੀ ਕਿਉਂ ਭਟਕ ਰਹੇ ਹਨ?
3 ਵਿਦਿਆਰਥੀਆਂ ਦਾ ਭਰੋਸਾ ਕਿਵੇਂ ਜਿੱਤਿਆ ਜਾ ਸਕਦਾ ਹੈ?
4 ਸ਼ਰਾਰਤੀ ਤੱਤ ਕਿਨ੍ਹਾਂ ਦੀ ਮਜਬੂਰੀ ਦਾ ਫ਼ਾਇਦਾ ਉਠਾਉਂਦੇ ਹਨ?
5 ਔਖੇ ਸ਼ਬਦਾਂ ਦੇ ਅਰਥ ਦੱਸੋ:
ਰਹਿਨੁਮਾਈ, ਬਾਂਝਾ, ਫ਼ਾਇਦਾ, ਜ਼ਿੰਦਗੀ

12 ਅੰਗਰੇਜ਼ੀ ਦੇ ਇੱਕ ਵਿਚਾਰਕ ਨੇ ਕਿਹਾ ਕਿ ਰਾਤ ਨੂੰ ਛੇਤੀ ਸੌਂ ਜਾਣ ਵਾਲਾ ਅਤੇ ਸਵੇਰੇ ਜਲਦੀ ਉੱਠਣ ਵਾਲਾ ਸਿਹਤ, ਧਨ ਅਤੇ ਬੁੱਧੀ ਤਿੰਨੇ ਪ੍ਰਾਪਤ ਹੁੰਦੇ ਹਨ। ਜਲਦੀ ਉੱਠਣ ਵਾਲਾ ਬੰਦਾ ਆਪਣਾ ਕੰਮ ਵਕਤ ਸਿਰ ਕਰ ਲੈਂਦਾ ਹੈ। ਬਾਹਰ ਸੈਰ ਨੂੰ ਜਾ ਸਕਦਾ ਹੈ, ਕਸਰਤ ਕਰ ਸਕਦਾ ਹੈ। ਸਵੇਰੇ ਜਲਦੀ ਉੱਠਣ ਵਾਲੇ ਨੂੰ ਕਿਸੇ ਕੰਮ ਵਿੱਚ ਕਾਹਲ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਦੇਰ ਉੱਠਣ ਵਾਲਾ ਹਮੇਸ਼ਾ ਕਰਮਾਂ ਨੂੰ ਅਤੇ ਦੂਜਿਆਂ ਨੂੰ ਦੋਸ਼ ਦਿੰਦਾ ਰਹਿੰਦਾ ਹੈ।

1. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਓ।
2 ਸਵੇਰੇ ਜਲਦੀ ਉੱਠਣ ਵਾਲਾ ਬੰਦਾ ਕੀ ਕਰ ਸਕਦਾ ਹੈ?
3 ਦੇਰ ਉੱਠਣ ਵਾਲਾ ਕੀ ਕਰਦਾ ਹੈ?
4 ਅੰਗਰੇਜ਼ੀ ਦਾ ਵਿਚਾਰਕ ਕੀ ਕਹਿੰਦਾ ਹੈ?
5 ਔਖੇ ਸ਼ਬਦਾਂ ਦੇ ਅਰਥ ਦੱਸੋ:
ਸਿਹਤ, ਵਕਤ, ਕਾਹਲ, ਦੋਸ਼

## ਖੰਡ - ਹ

26. ਹੇਠ ਦਿੱਤੇ ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ: 6

1. ਗੁਰੂ ਨਾਨਕ ਦੇਵ ਜੀ
2. ਗੁਰੂ ਤੇਗ ਬਹਾਦਰ ਜੀ
3. ਮਹਾਰਾਜਾ ਰਣਜੀਤ ਸਿੰਘ
4. ਸ਼ਹੀਦ ਭਗਤ ਸਿੰਘ
5. ਕਰਤਾਰ ਸਿੰਘ ਸਰਾਭਾ
6. ਅਖ਼ਬਾਰਾਂ ਦੇ ਲਾਭ ਹਾਨੀਆਂ
7. ਭ੍ਰਿਸ਼ਟਾਚਾਰ
8. ਅੱਖੀਂ ਡਿੱਠਾ ਮੇਲਾ
9. ਸਫ਼ਾਈ ਦੀ ਮਹੱਤਤਾ
10. ਵਿਦਿਆਰਥੀ ਤੇ ਰਾਜਨੀਤੀ
11. ਜੇ ਮੈਂ ਪ੍ਰਿੰਸੀਪਲ ਹੋਵਾਂ
12. ਦੀਵਾਲੀ ਅੰਮ੍ਰਿਤਸਰ ਦੀ
13. ਗਣਤੰਤਰ ਦਿਵਸ
14. ਨਾਰੀ ਸ਼ਕਤੀ
15. ਵਿਗਿਆਨ ਦੇ ਚਮਤਕਾਰ
16. ਖੇਡਾਂ ਦੀ ਮਹੱਤਤਾ
17. ਪ੍ਰਦੂਸ਼ਣ
18. ਇੰਟਰਨੈੱਟ ਦਾ ਵਧਦਾ ਉਪਯੋਗ

27. ਹੇਠ ਦਿੱਤੇ ਕਿਸੇ ਇੱਕ ਸਾਹਿਤ-ਰੂਪ ਦਾ ਅਰਥ, ਪਰਿਭਾਸ਼ਾ ਤੇ ਤੱਤਾਂ ਦਾ ਵਰਨਣ ਕਰੋ: 6

(ੳ) ਇਕਾਂਗੀ
(ਅ) ਨਿੱਕੀ ਕਹਾਣੀ
(ੲ) ਕਵਿਤਾ
(ਸ) ਰੇਖਾ ਚਿੱਤਰ

28. ਹੇਠ ਦਿੱਤਿਆਂ ਵਿੱਚੋਂ ਕਿਸੇ ਇੱਕ ਦਾ ਸੰਖੇਪ ਇਤਿਹਾਸ ਲਿਖੋ: 6

(ੳ) ਪੰਜਾਬੀ ਨਾਵਲ ਦਾ ਇਤਿਹਾਸ
(ਅ) ਪੰਜਾਬੀ ਨਾਟਕ ਦਾ ਇਤਿਹਾਸ
(ੲ) ਪੰਜਾਬੀ ਕਵਿਤਾ ਦਾ ਇਤਿਹਾਸ